**ਸ਼੍ਰੇਣੀ-ਬਾਰ੍ਹਵੀਂ**
**ਸੰਗੀਤ ਤਬਲਾ**
**(ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ (MR)**

**ਸਮਾਂ ਲਿਖਤ : 3 ਘੰਟੇ**
**ਪ੍ਰਯੋਗੀ: 20 ਮਿੰਟ**
**(ਪ੍ਰਤੀ ਵਿਦਿਆਰਥੀ)**

**ਲਿਖਤੀ : 60 ਅੰਕ**
**ਪ੍ਰਯੋਗੀ : 30 ਅੰਕ**
**ਸੀ.ਸੀ.ਈ : 10 ਅੰਕ**
**ਕੁਲ ਅੰਕ : 100**

## ਪ੍ਰਸ਼ਨ ਪੱਤਰ ਦੀ ਰੂਪ ਰੇਖਾ (ਲਿਖਤੀ)

**ਪ੍ਰਸ਼ਨ ਪੱਤਰ ਵਿੱਚ ਕੁੱਲ 31 ਪ੍ਰਸ਼ਨ ਹੋਣਗੇ।**

ਭਾਗ-I ਵਿੱਚ 1 ਤੋਂ 18 ਤੱਕ ਵਸਤੂਨਿਸ਼ਠ ਕਿਸਮ ਦੇ 2-2 ਅੰਕਾਂ ਦੇ ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ, ਖਾਲੀ ਥਾਵਾਂ ਭਰੋ, ਠੀਕ/ਗਲਤ, ਬਹੁ-ਭਾਂਤੀ ਪ੍ਰਸ਼ਨ ਅਤੇ ਸਹੀ ਮਿਲਾਣ ਵਾਲੇ ਪ੍ਰਸ਼ਨ ਪੁੱਛੇ ਜਾਣਗੇ।

ਭਾਗ-II ਵਿੱਚ ਪ੍ਰਸ਼ਨ 19 ਤੋਂ 26 ਤੱਕ 3-3 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ ਜਿੰਨਾ ਦਾ ਉੱਤਰ ਇੱਕ ਤੋਂ ਦੋ ਵਾਕਾਂ ਵਿੱਚ ਹੋਣਾ ਚਾਹੀਦਾ ਹੈ। 8 ਪ੍ਰਸ਼ਨਾਂ ਵਿੱਚੋਂ ਕੋਈ 4 ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।

ਭਾਗ-III ਵਿੱਚ ਪ੍ਰਸ਼ਨ ਨੰਬਰ 27 ਤੋਂ 31 ਤੱਕ 4-4 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ। ਇੰਨ੍ਹਾਂ ਪ੍ਰਸ਼ਨਾਂ ਦਾ ਉੱਤਰ ਪੰਜ ਤੋਂ ਅੱਠ ਵਾਕਾਂ ਵਿੱਚ ਹੋਣਾ ਚਾਹੀਦਾ ਹੈ। 5 ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।

### ਵਸਤੂਨਿਸ਼ਠ ਪ੍ਰਸ਼ਨ (ਇੱਕ ਸ਼ਬਦ ਤੋਂ ਇੱਕ ਲਾਈਨ ਵਿੱਚ)

ਪ੍ਰਸ਼ਨ 1 ਉਠਾਨ ਦਾ ਸ਼ਾਬਦਿਕ ਅਰਥ ਹੈ?
ਉੱਤਰ ਉਠਣਾ
ਪ੍ਰਸ਼ਨ 2 ਉਠਾਨ ਦੇ ਬੋਲ ਕਿਹੋ ਜਿਹੇ ਹੁੰਦੇ ਹਨ?
ਉੱਤਰ ਜ਼ੋਰਦਾਰ
ਪ੍ਰਸ਼ਨ 3 ਪਹਿਲਾ ਉਠਾਨ ਕਿਸ ਲੈਅ ਵਿੱਚ ਵੱਜਦਾ ਹੈ?
ਉੱਤਰ ਬਰਾਬਰ ਦੀ ਲੈਅ ਵਿੱਚ
ਪ੍ਰਸ਼ਨ 4 ਉਠਾਨ ਕਿਸ ਤੇ ਖਤਮ ਹੁੰਦਾ ਹੈ?
ਉੱਤਰ ਤਿਹਾਈ ਵਜਾ ਕੇ
ਪ੍ਰਸ਼ਨ 5 ਪੇਸ਼ਕਾਰ ਕਿਸ ਭਾਸ਼ਾ ਦਾ ਸ਼ਬਦ ਹੈ?
ਉੱਤਰ ਫਾਰਸੀ ਭਾਸ਼ਾ ਦਾ ਹੈ।
ਪ੍ਰਸ਼ਨ 6 ਪੇਸ਼ਕਾਰ ਦਾ ਕੀ ਅਰਥ ਹੈ?
ਉੱਤਰ ਪੇਸ਼ ਕਰਨਾ
ਪ੍ਰਸ਼ਨ 7 ਪੇਸ਼ਕਾਰ ਕਦੋਂ ਵਜਾਇਆ ਜਾਂਦਾ ਹੈ?
ਉੱਤਰ ਤਬਲਾ ਸੋਲੋ ਵਾਦਨ ਸਮੇਂ
ਪ੍ਰਸ਼ਨ 8 ਪੇਸ਼ਕਾਰ ਕਿਹੜੇ-ਕਿਹੜੇ ਘਰਾਣਿਆਂ ਵਿੱਚ ਵਿਸ਼ੇਸ਼ ਢੰਗ ਨਾਲ ਵਜਾਇਆ ਜਾਂਦਾ ਹੈ?
ਉੱਤਰ ਦਿੱਲੀ, ਅਜਰਾੜਾ ਘਰਾਣਿਆਂ ਵਿੱਚ
ਪ੍ਰਸ਼ਨ 9 ਪੇਸ਼ਕਾਰ ਕਿਹੜੀ ਲੈਅ ਵਿੱਚ ਵੱਜਦਾ ਹੈ?
ਉੱਤਰ ਵਿਲਬਿੰਤ ਅਤੇ ਮੱਧ ਲੈਅ



Kamlesh

| | |
|---|---|
| ਪ੍ਰਸ਼ਨ 10 | ਪੇਸ਼ਕਾਰ ਵਿੱਚ ਕਿਹੜੇ ਬੋਲਾ ਦੀ ਪ੍ਰਧਾਨਗੀ ਰਹਿੰਦੀ ਹੈ? |
| ਉੱਤਰ | ਧੀਕੜ, ਧਿੰਤਾ, ਧਾਕੂ ਆਦਿ। |
| ਪ੍ਰਸ਼ਨ 11 | ਪਰਨ ਕਿਸ ਨੂੰ ਕਹਿੰਦੇ ਹਨ? |
| ਉੱਤਰ | ਖੁੱਲ੍ਹੇ ਅਤੇ ਜੋਰਦਾਰ ਬੋਲਾਂ ਦੇ ਆਧਾਰ ਤੇ ਜੋ ਰਚਨਾ ਤਬਲੇ ਤੇ ਵਜਾਈ ਜਾਂਦੀ ਹੈ, ਉਹ ਪਰਨ ਹੈ। |
| ਪ੍ਰਸ਼ਨ 12 | ਪਰਨ ਕਿੰਨ੍ਹੇ ਆਵਰਤਨ ਦੀ ਹੁੰਦੀ ਹੈ? |
| ਉੱਤਰ | ਘੱਟੋ-ਘੱਟੋ ਦੋ ਆਵਰਨ ਦੀ |
| ਪ੍ਰਸ਼ਨ 13 | ਪਰਨ ਦਾ ਪ੍ਰਯੋਗ ਤਬਲੇ ਤੇ ਕਦੋਂ ਹੁੰਦਾ ਹੈ? |
| ਉੱਤਰ | ਤਬਲਾ ਸੋਲੋ ਦੇ ਅੰਤ ਵਿੱਚ |
| ਪ੍ਰਸ਼ਨ 14 | ਪਰਨ ਆਮ ਤੌਰ ਤੇ ਕਿਸ ਤਰ੍ਹਾਂ ਦਾ ਹੁੰਦਾ ਹੈ? |
| ਉੱਤਰ | ਤਿਹਾਈਦਾਰ |
| ਪ੍ਰਸ਼ਨ 15 | ਪਰਨ ਦੇ ਪ੍ਰਕਾਰ ਲਿਖੋ। |
| ਉੱਤਰ | ਕਮਾਲੀ ਪਰਨ, ਚਕਰਦਾਰ ਪਰਨ, ਫਰਮਾਇਸ਼ੀ ਪਰਨ (ਕੋਈ ਇੱਕ ਲਿਖਣਾ) |
| ਪ੍ਰਸ਼ਨ 16 | ਪਰਨ ਦੇ ਬੋਲ ਕਿਹੋ ਜਿਹੇ ਹੁੰਦੇ ਹਨ? |
| ਉੱਤਰ | ਦਮਦਾਰ। |
| ਪ੍ਰਸ਼ਨ 17 | ਤਿਹਾਈ ਨੂੰ ਹੋਰ ਕਿਹੜੇ ਨਾਂ ਨਾਲ ਜਾਣਦੇ ਹੈ? |
| ਉੱਤਰ | ਤੀਯਾ |
| ਪ੍ਰਸ਼ਨ 18 | ਤਿਹਾਈ ਕੀ ਹੈ? |
| ਉੱਤਰ | ਬੋਲਾਂ ਨੂੰ ਤਿੰਨ ਵਾਰ ਵਜਾ ਕੇ ਸਮ ਤੇ ਆ ਮਿਲਨਾ ਤਿਹਾਈ ਹੈ। |
| ਪ੍ਰਸ਼ਨ 19 | ਤਿਹਾਈ ਦੇ ਹਰ ਬੋਲ ਸਮੂਹ ਤੋਂ ਬਾਅਦ ਕੀ ਪ੍ਰਯੋਗ ਹੁੰਦਾ ਹੈ? |
| ਉੱਤਰ | 'ਧਾ' |
| ਪ੍ਰਸ਼ਨ 20 | ਸੰਗੀਤ ਕਲਾ ਦੇ ਗਾਇਨ, ਵਾਦਨ, ਨਰਿਤ ਕਿਸ ਤਰ੍ਹਾਂ ਖਤਮ ਕਰਦੇ ਹਨ? |
| ਉੱਤਰ | ਤਿਹਾਈ ਵਜਾ ਕੇ |
| ਪ੍ਰਸ਼ਨ 21 | ਤਿਹਾਈ ਕਿੰਨ੍ਹੇ ਪ੍ਰਕਾਰ ਦੀ ਹੈ? |
| ਉੱਤਰ | ਦੋ |
| ਪ੍ਰਸਨ 22 | ਤਿਹਾਈ ਕਿੰਨੇ ਕਿਸਮਾਂ ਦੇ ਨਾਂ ਲਿਖੋ। |
| ਉੱਤਰ | ਦਮਦਾਰ ਤਿਹਾਈ, ਬੇਦਮਦਾਰ ਤਿਹਾਈ |
| ਪ੍ਰਸ਼ਨ23 | ਦੁਪਲੀ ਕਿਸ ਨੂੰ ਕਹਿੰਦੇ ਹਨ? |
| ਉੱਤਰ | ਉਹ ਵਿਸ਼ੇਸ਼ ਪ੍ਰਕਾਰ ਦੀ ਬੋਲ ਰਚਨਾ ਜਿਸ ਵਿੱਚ ਦੋ ਵੱਖ-ਵੱਖ ਲੈਅਕਾਰੀਆਂ ਹੋਣ। |
| ਪ੍ਰਸ਼ਨ 24 | ਦੁਪਲੀ ਕਿੰਨ੍ਹੇ ਆਵਰਤਨ ਦੀ ਹੁੰਦੀ ਹੈ? |
| ਉੱਤਰ | ਇੱਕ ਜਾਂ ਦੋ ਆਵਰਤਨ ਦੀ |
| ਪ੍ਰਸ਼ਨ 25 | ਤਿਪਲੀ ਕਿਸ ਨੂੰ ਕਹਿੰਦੇ ਹਨ? |
| ਉੱਤਰ | ਉਸ ਵਿਸ਼ੇਸ਼ ਪ੍ਰਕਾਰ ਦੀ ਬੋਲ ਰਚਨਾ ਜਿਸ ਵਿੱਚ ਤਿੰਨ ਵੱਖ-ਵੱਖ ਲੈਅਕਾਰੀਆਂ ਹੋਣ। |
| ਪ੍ਰਸ਼ਨ 26 | ਤਿਪਲੀ ਕਿੰਨੇ ਆਵਰਤਨ ਦੀ ਹੁੰਦੀ ਹੈ? |
| ਉੱਤਰ | ਦੋ ਜਾਂ ਇੱਕ ਆਵਰਤਨ ਦੀ। |
| ਪ੍ਰਸ਼ਨ 27 | ਰੇਲਾ ਕੀ ਹੈ? |

ਉੱਤਰ ਤਬਲੇ ਦੇ ਬੋਲਾਂ ਦਾ ਸਮੂਹ ਜਿਸ ਨੂੰ ਤੇਜ ਲੈਅ ਅਰਥਾਤ ਚੌਗੁਣ ਅੱਠਗੁਣ ਲੈਅਕਾਰੀ ਵਿੱਚ ਵਜਾਇਆ ਜਾਵੇ ਉਹ ਰੇਲਾ ਹੈ।

ਪ੍ਰਸ਼ਨ 28 ਰੇਲੇ ਦਾ ਕਿੱਥੇ ਮਹੱਤਵਪੂਰਨ ਸਥਾਨ ਹੈ?

ਉੱਤਰ ਸੁਤੰਤਰ ਤਬਲਾ ਵਾਦਨ ਵਿੱਚ

ਪ੍ਰਸ਼ਨ 29 ਰੇਲੇ ਵਿੱਚ ਕਿਸਦੀ ਤਿਆਰੀ ਦਾ ਪਤਾ ਲਗਦਾ ਹੈ?

ਉੱਤਰ ਤਬਲਾ ਵਾਦਕ ਦੇ ਹੱਥ ਦੀ ਤਿਆਰੀ ਦਾ।

ਪ੍ਰਸ਼ਨ 30 ਨਗਮੇ ਦਾ ਕੀ ਅਰਥ ਹੈ?

ਉੱਤਰ ਗੀਤ

ਪ੍ਰਸ਼ਨ 31 ਨਗਮਾ ਕੀ ਹੈ?

ਉੱਤਰ ਜਦੋਂ ਕਿਸੀ ਸਾਜ ਉੱਤੇ ਕੋਈ ਧੁਨ ਵਜਾਈ ਜਾਂਦੀ ਹੈ, ਉਸ ਧੁਨ ਨੂੰ ਨਗਮਾ ਕਹਿੰਦੇ ਹੈ।

ਪ੍ਰਸ਼ਨ 32 ਤਾਲ ਸਿਧਾਂਤ ਬਣਾਉਣਾ ਦੀ ਜ਼ਰੂਰਤ ਕਿਉਂ ਪਈ?

ਉੱਤਰ ਰਾਗ ਨੂੰ ਅਨੰਦਮਈ ਬਣਾਉਣ ਲਈ।

ਪ੍ਰਸ਼ਨ 33 ਪਹਿਲਾਂ ਤਾਲ ਕਿਸ ਨਾਂ ਨਾਲ ਜਾਣੀ ਜਾਂਦੀ ਸੀ?

ਉੱਤਰ ਛੰਦਾਂ ਦੇ ਨਾਮ ਨਾਲ

ਪ੍ਰਸ਼ਨ 34 ਪਹਿਲਾਂ ਤਾਲਾਂ ਨੂੰ ਨੀਯਤ ਮਾਤਰਾ ਨੂੰ ਕੋਸ਼ਟ ਵਿੱਚ ਰੱਖ ਕੇ ਕੀ ਨਾਂ ਦਿੱਤਾ?

ਉੱਤਰ ਠੇਕਾ

ਪ੍ਰਸ਼ਨ 35 ਤਾਲ ਦੇ ਸਿਧਾਂਤ ਕਿਸ ਵਿਓਂਤ ਨਾਲ ਨਿਸ਼ਚਿਤ ਕੀਤੇ ਗਏ?

ਉੱਤਰ ਤਾਲੀ, ਖਾਲੀ, ਵਿਭਾਗ, ਸਮ ਦੀ ਵਿਉਂਤ ਨਾਲ

ਪ੍ਰਸ਼ਨ 36 ਧਮਾਰ ਤੇ ਠੁਮਰੀ ਗਾਇਕੀ ਲਈ ਕਿਹੜੀ ਤਾਲ ਵਰਤੀ ਜਾਂਦੀ ਹੈ?

ਉੱਤਰ ਤਿੰਨ ਤਾਲ, ਦੀਪ ਚੰਦੀ

ਪ੍ਰਸ਼ਨ 37 ਧਰੁਪਦ ਸ਼ੈਲੀ ਨਾਲ ਕਿਹੜੀ ਤਾਲ ਵੱਜਦੀ ਹੈ?

ਉੱਤਰ ਚੌਤਾਲ

ਪ੍ਰਸ਼ਨ 38 ਖਿਆਲ ਅੰਗ ਲਈ ਕਿਹੜੀ ਤਾਲ ਵੱਜਦੀ ਹੈ?

ਉੱਤਰ ਇੱਕ ਤਾਲ, ਝੂਮਰਾ

ਪ੍ਰਸ਼ਨ 39 ਤਾਲ ਦੀ ਕ੍ਰਿਆ ਕਿਸ ਨੂੰ ਕਹਿੰਦੇ ਹਨ।

ਉੱਤਰ ਤਾਲ ਦੀ ਸਮੱਗਰੀ ਨੂੰ ਵਿਧੀ ਅਨੁਸਾਰ ਤੇ ਸਮੇਂ ਸਿਰ ਪ੍ਰਯੋਗ ਕਰਨ ਨੂੰ।

ਪ੍ਰਸ਼ਨ 40 ਤਾਲ ਦੇ ਸਿਧਾਂਤ ਬਣਾਉਣੇ ਕਿਉਂ ਜ਼ਰੂਰੀ ਹਨ?

ਉੱਤਰ ਤਾਲ ਨੂੰ ਇੱਕ ਸਾਰਤਾ ਵਿੱਚ ਲਿਆਉਣ ਲਈ

ਪ੍ਰਸ਼ਨ 41 ਸੰਗੀਤ ਵਿੱਚ ਕਿਹੜੀਆਂ ਤਿੰਨ ਕਲਾਵਾਂ ਦਾ ਸਮਾਵੇਸ਼ ਹੈ?

ਉੱਤਰ ਗਾਇਨ, ਵਾਦਨ ਅਤੇ ਨਰਿਤ ਦਾ

ਪ੍ਰਸ਼ਨ 42 ਸੰਗੀਤ ਵਿੱਚ ਤਾਲ ਕਿਸ ਤੇ ਨਿਰਭਰ ਹੈ?

ਉੱਤਰ ਲੈਅ ਤੇ।

ਪ੍ਰਸ਼ਨ 43 ਲੈਅ ਕਿਸ ਦੀ ਜਨਨੀ ਹੈ?

ਉੱਤਰ ਮਾਤਰਾਵਾਂ ਦੀ।

ਪ੍ਰਸ਼ਨ 44 ਲੈਅ ਦੀ ਉਤਪਤੀ ਕਿਸ ਤੋਂ ਮੰਨਦੇ ਹਨ?

ਉੱਤਰ ਸ਼ਿਵਜੀ ਦੇ ਡੰਮਰੂ ਤੋਂ

ਪ੍ਰਸ਼ਨ 45 ਸੰਗੀਤ ਵਿੱਚ ਲੈਅ ਕਿਸ ਤਰ੍ਹਾਂ ਪ੍ਰਗਟ ਕੀਤੀ ਜਾਂਦੀ ਹੈ?

ਉੱਤਰ ਵੱਖ-ਵੱਖ ਵਾਦਾਂ ਰਾਹੀਂ

ਪ੍ਰਸ਼ਨ 46 ਲੈਅ ਤੇ ਤਾਲ ਕਿਸ ਨੂੰ ਕਾਬੂ ਵਿੱਚ ਰੱਖਦੀ ਹੈ?

ਉੱਤਰ ਸੰਗੀਤਕਾਰ ਨੂੰ

ਪ੍ਰਸ਼ਨ 47 ਸੰਗੀਤ ਦਾ ਮੁੱਖ ਉਦੇਸ਼ ਕੀ ਹੈ?

ਉੱਤਰ ਅਨੰਦ ਦੇਣਾ

ਪ੍ਰਸ਼ਨ 48 ਸੰਗੀਤ ਦੀ ਸਜਾਵਟ ਕਿਸ ਤੇ ਹੈ?

ਉੱਤਰ ਤਾਲ ਤੇ ਲੈਅ ਨਾਲ

ਪ੍ਰਸ਼ਨ 49 ਜੇਕਰ ਸੰਗੀਤ ਵਿੱਚ ਤਾਲ ਤੇ ਲੈਅ ਨਾ ਹੋਏ ਤਾਂ ਸੰਗੀਤ ਕਿਸ ਤਰ੍ਹਾਂ ਦਾ ਲਗੇਗਾ?

ਉੱਤਰ ਨੀਰਸ

ਪ੍ਰਸ਼ਨ 50 ਤਬਲਾ ਤੇ ਪਖਾਵਜ ਕਿਸ ਤਰ੍ਹਾਂ ਦਾ ਵਾਦ ਹੈ?

ਉੱਤਰ ਤਾਲ ਵਾਦਯ

ਪ੍ਰਸ਼ਨ 51 ਤਬਲਾ ਤੇ ਪਖਾਵਜ ਕਿਸ ਤਰ੍ਹਾਂ ਦਾ ਵਾਦ ਹੈ?

ਉੱਤਰ ਅਵਨਧ ਸ਼੍ਰੇਣੀ ਵਿੱਚ

ਪ੍ਰਸ਼ਨ 52 ਤਬਲਾ ਕਿਸ ਤਰ੍ਹਾਂ ਦਾ ਵਾਦਕ ਹੈ?

ਉੱਤਰ ਆਧੁਨਿਕ ਵਾਦਕ

ਪ੍ਰਸ਼ਨ 53 ਤਬਲੇ ਨੂੰ ਹੋਰ ਕਿਹੜੇ ਨਾਂ ਨਾਲ ਜਾਣਦੇ ਹਨ?

ਉੱਤਰ ਜੋੜੀ

ਪ੍ਰਸ਼ਨ 54 ਤਬਲੇ ਦੇ ਕਿੰਨੇ ਭਾਗ ਹੁੰਦੇ ਹਨ?

ਉੱਤਰ ਦੋ

ਪ੍ਰਸ਼ਨ 55 ਪਖਾਵਜ ਦਾ ਸੱਜਾ ਭਾਗ ਕਿਹੋ ਜਿਹਾ ਹੁੰਦਾ ਹੈ?

ਉੱਤਰ ਚੌੜਾ

ਪ੍ਰਸ਼ਨ 56 ਤਬਲਾ ਕਿਸ ਪ੍ਰਕਿਰਤੀ ਦਾ ਸਾਜ਼ ਹੈ?

ਉੱਤਰ ਚੰਚਲ

ਪ੍ਰਸ਼ਨ 57 ਪਖਾਵਜ ਕਿਸ ਪ੍ਰਕਿਰਤੀ ਦਾ ਸਾਜ ਹੈ?

ਉੱਤਰ ਗੰਭੀਰ

ਪ੍ਰਸ਼ਨ 58 ਤਬਲੇ ਵਿੱਚ ਜ਼ਿਆਦਾਤਰ ਕਿਸ ਦਾ ਪ੍ਰਯੋਗ ਹੁੰਦਾ ਹੈ?

ਉੱਤਰ ਚਾਟੀ ਤੇ ਸਿਆਹੀ

ਪ੍ਰਸ਼ਨ 59 ਪਖਾਵਜ ਵਿੱਚ ਜ਼ਿਆਦਾਤਰ ਕਿਸ ਦਾ ਪ੍ਰਯੋਗ ਹੁੰਦਾ ਹੈ?

ਉੱਤਰ ਲਵ ਅਤੇ ਸਿਆਹੀ

ਪ੍ਰਸ਼ਨ 60 ਤਬਲੇ ਦੇ ਵੱਜਣ ਵਾਲੇ ਬੋਲਾ ਨੂੰ ਕੀ ਕਹਿੰਦੇ ਹਨ?

ਉੱਤਰ ਵਰਨ

ਪ੍ਰਸ਼ਨ 61 ਪਖਾਵਜ ਤੇ ਵੱਜਣ ਵਾਲੇ ਬੋਲਾਂ ਨੂੰ ਕੀ ਕਹਿੰਦੇ ਹਨ?

ਉੱਤਰ ਵਰਨ ਤੇ ਪਾਟ

ਪ੍ਰਸ਼ਨ 62 ਤਬਲਾ ਵਾਦਨ ਵਿੱਚ ਹੱਥ ਦਾ ਕਿਸ ਤਰ੍ਹਾਂ ਪ੍ਰਯੋਗ ਹੁੰਦਾ ਹੈ?

ਉੱਤਰ ਉਂਗਲੀਆਂ ਦਾ

ਪ੍ਰਸ਼ਨ 63 ਪਖਾਵਜ ਵਿੱਚ ਹੱਥ ਦਾ ਕਿਸ ਤਰ੍ਹਾਂ ਪ੍ਰਯੋਗ ਹੁੰਦਾ ਹੈ?

ਉੱਤਰ ਉਂਗਲੀਆਂ ਦੇ ਨਾਲ ਸਾਰਾ ਪੰਜਾ

ਪ੍ਰਸ਼ਨ 64 ਪੰ: ਕੰਠੇ ਮਹਾਰਾਜ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਉੱਤਰ ਸੰ: 1880 ਈ: ਨੂੰ ਕਾਸ਼ੀ ਵਿਖੇ

ਪ੍ਰਸ਼ਨ 65 ਪੰ ਕੰਠੇ ਮਹਾਰਾਜ ਦੇ ਪਿਤਾ ਦਾ ਨਾਂ ਦੱਸੋ।

ਉੱਤਰ ਸ੍ਰੀ ਦਲੀਪ ਮਹਾਰਾਜ

ਪ੍ਰਸ਼ਨ 66 ਪੰ: ਕੰਟੇ ਮਹਾਰਾਜ ਨੂੰ ਕਿਸ ਨੇ ਸਨਮਾਨਿਆ?

ਉੱਤਰ ਬਨਾਰਸ ਬਾਜ

ਪ੍ਰਸ਼ਨ 67 ਪੰ: ਕੰਠੇ ਮਹਾਰਾਜ ਦੀ ਕਿਹੜਾ ਬਾਜ ਵਜਾਉਂਦੇ ਸਨ?

ਉੱਤਰ ਬਨਾਰਸ ਬਾਜ

ਪ੍ਰਸ਼ਨ 68 ਪੰ: ਕੰਠੇ ਮਹਾਰਾਜ ਦੀ ਸ਼ਿਸ਼ਾਂ ਦੇ ਨਾਂ ਲਿਖੋ।

ਉੱਤਰ ਸ੍ਰੀ ਕ੍ਰਿਸ਼ਨ ਮਹਾਰਾਜ, ਪੰ: ਸ਼ਾਰਾਦਾ ਸਹਾਇ

ਪ੍ਰਸ਼ਨ 69 ਪੰ: ਕੰਠੇ ਮਹਾਰਾਜਾ ਦਾ ਸਵਰਗਵਾਸ ਕਦੋਂ ਹੋਇਆ?

ਉੱਤਰ 1 ਅਗਸਤ, 1969 ਈ:

ਪ੍ਰਸ਼ਨ 70 ਸ਼ਾਮਤਾ ਪ੍ਰਸ਼ਾਦ ਜੀ ਜਨਮ ਕਦੋਂ ਤੇ ਕਿੱਥੇ ਹੋਇਆ?

ਉੱਤਰ 18 ਜੁਲਾਈ ਸੰਨ 1920 ਈ: ਨੂੰ ਬਨਾਰਸ ਵਿਖੇ

ਪ੍ਰਸ਼ਨ 71 ਸ਼ਾਮਤਾ ਪ੍ਰਸ਼ਾਦ ਕਿਸ ਨਾਂ ਤੋਂ ਪ੍ਰਸਿੱਧ ਹੋਏ?

ਉੱਤਰ ਗੁਦਈ ਮਹਾਰਾਜ

ਪ੍ਰਸ਼ਨ 72 ਸ਼ਾਮਤਾ ਪ੍ਰਸ਼ਾਦ ਨੇ ਕਿਹੜੀਆਂ-ਕਿਹੜੀਆਂ ਫ਼ਿਲਮਾਂ ਵਿੱਚ ਤਬਲਾ ਵਜਾਇਆ?

ਉੱਤਰ ਝਲਕ-ਝਲਕ ਪਾਏ ਬਾਜੇ, ਮੇਰੀ ਸੁਰਤ ਤੇਰੀ ਆਂਖੇ

ਪ੍ਰਸ਼ਨ 73 ਸ਼ਾਮਤਾ ਪ੍ਰਸ਼ਾਦ ਨੂੰ ਕਿਹੜੇ-ਕਿਹੜੇ ਸਨਮਾਨ ਪ੍ਰਾਪਤ ਹੋਏ?

ਉੱਤਰ 'ਤਬਲਾ ਜਾਦੂਗਰ' ਹਾਇਜ਼ ਅਮੀਰ ਖਾਂ ਪੁਰਸਕਾਰ

ਪ੍ਰਸ਼ਨ 74 ਸ਼ਾਮਤਾ ਪ੍ਰਸ਼ਾਦ ਨੂੰ ਪਦਮ ਸ੍ਰੀ, ਪਦਮ ਭੂਸ਼ਨ ਕਦੋਂ ਮਿਲਿਆ?

ਉੱਤਰ ਸੰਨ 1982 ਵਿੱਚ

ਪ੍ਰਸ਼ਨ 75 ਸ਼ਾਮਤਾ ਪ੍ਰਸ਼ਾਦ ਦਾ ਸਵਰਗਵਾਸ ਕਦੋਂ ਹੋਇਆ?

ਉੱਤਰ 21 ਮਈ 1984 ਨੂੰ

ਪ੍ਰਸ਼ਨ 76 ਉਸਤਾਦ ਜ਼ਾਕਿਰ ਹੁਸੈਨ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਉੱਤਰ ਸੰਨ 1952 ਨੂੰ ਬੰਬਈ ਵਿਖੇ

ਪ੍ਰਸ਼ਨ 77 ਉਸਤਾਦ ਜ਼ਾਕਿਰ ਹੁਸੈਨ ਨੇ ਕਿਹੜੇ-ਕਿਹੜੇ ਸੰਗੀਤਕਾਰਾਂ ਨਾਲ ਸੰਗਤ ਕੀਤੀ?

ਉੱਤਰ ਪੰ: ਸ਼ਿਵ ਕੁਮਾਰ ਸ਼ਰਮਾ, ਉਸਤਾਦ ਅਲੀ ਅਕਬਰ ਖਾਂ, ਪੰ: ਰਵੀ ਸ਼ੰਕਰ

ਪ੍ਰਸ਼ਨ 77 ਉਸਤਾਦ ਜ਼ਾਕਿਰ ਹੁਸੈਨ ਨੇ ਕਿਹੜੀਆਂ-ਕਿਹੜੀਆਂ ਭਾਸ਼ਾ ਵਿੱਚ ਸੁਤੰਤਰ ਵਾਦਨ ਕੀਤਾ?

ਉੱਤਰ ਪੰਜਾਬੀ ਧਮਾਰ ਪੰਚਮ ਸਵਾਰੀ, ਰੂਪਕ ਤਾਲ

ਪ੍ਰਸ਼ਨ 79 ਉਸਤਾਦ ਜ਼ਾਕਿਰ ਹੁਸੈਨ ਅੱਜਕੱਲ ਕਿਹੜੇ ਅਹੁਦੇ ਤੇ ਹਨ?

ਉੱਤਰ ਕੈਲੋਫੋਰਨੀਆ ਵਿੱਚ ਉਸਤਾਦ ਅਲੀ ਅਕਬਰ ਖਾਂ ਸਾਹਿਬ ਦੁਆਰਾ ਸਥਾਪਿਤ ਕਾਲਵਿੱਚ ਬਤੌਰ ਤਬਲਾ, ਸ਼ਿਕਸ਼ਕ

| | |
|---|---|
| ਪ੍ਰਸ਼ਨ 80 | ਉਸਤਾਦ ਲੱਛਮਣ ਸਿੰਘ ਸੀਨ ਦਾ ਜਨਮ ਕਦੋਂ ਤੇ ਕਿੱਥੇ ਹੋਇਆ? |
| ਉੱਤਰ | 3 ਦਸੰਬਰ, 1927 ਈ. ਮੋਜਿਬਾ ਜੰਗ (ਪਾਕਿਸਤਾਨ) ਵਿਖੇ |
| ਪ੍ਰਸ਼ਨ 81 | ਇਹਨਾਂ ਦੇ ਪਿਤਾ ਦਾ ਕੀ ਨਾਂ ਸੀ? |
| ਉੱਤਰ | ਸ਼੍ਰੀ ਠਾਕੁਰ ਸੀਨ |
| ਪ੍ਰਸ਼ਨ 82 | ਆਪ ਨੇ ਸੰਗੀਤ ਦੀ ਸਿੱਖਿਆ ਕਿੱਥੋਂ ਲਈ? |
| ਉੱਤਰ | ਦੁਰਗਾ ਸੰਗੀਤ ਅਕਾਦਮੀ, ਜੰਮੂ ਤੋਂ |
| ਪ੍ਰਸ਼ਨ 83 | ਇਹਨਾਂ ਦੇ ਗੁਰੂ ਦਾ ਕੀ ਨਾਂ ਸੀ? |
| ਉੱਤਰ | ਮੀਆਂ ਕਾਦਰ ਬਖਸ਼ |
| ਪ੍ਰਸ਼ਨ 84 | ਆਪ ਕਿੱਥੇ ਸੰਗੀਤ ਅਧਿਆਪਕ ਰਹੇ? |
| ਉੱਤਰ | ਮਹਾਰਾਣੀ ਮਹਿਲਾ ਕਾਲਜ, ਜੰਮੂ |
| ਪ੍ਰਸ਼ਨ 85 | ਆਪ ਨੇ ਤਬਲਾ ਵਾਦਨ ਦੀ ਨੌਕਰੀ ਕਿੱਥੇ ਕੀਤੀ? |
| ਉੱਤਰ | ਦਿੱਲੀ ਰੇਡੀਓ ਸਟੇਸ਼ਨ ਵਿੱਚ |
| ਪ੍ਰਸ਼ਨ 86 | ਆਪ ਕਿਸ ਘਰਾਣੇ ਦੇ ਸਨ? |
| ਉੱਤਰ | ਪੰਜਾਬ ਘਰਾਣੇ ਦੇ |
| ਪ੍ਰਸ਼ਨ 87 | ਇਹਨਾਂ ਦੀ ਸ਼ਿਸ਼ਾਂ ਦੇ ਨਾਂ ਦੱਸੋ? |
| ਉੱਤਰ | ਸਵ: ਸ਼੍ਰੀ ਪਵਨ ਕੁਮਾਰ ਸ਼ਰਮਾ, ਚੰਡੀਗੜ੍ਹ, ਸ਼੍ਰੀ ਕਾਲੇ ਰਾਮ, ਜਲੰਧਰ |
| ਪ੍ਰਸ਼ਨ 88 | ਗ੍ਰਹਿ ਕਿਸ ਨੂੰ ਕਹਿੰਦੇ ਹਨ? |
| ਉੱਤਰ | ਤਾਲ ਦੀ ਜਿਸ ਮਾਤਰਾ ਤੋਂ ਗੀਤ ਜਾਂ ਰਾਤ ਸ਼ੁਰੂ ਕੀਤੀ ਜਾਂਦੀ ਹੈ। |
| ਪ੍ਰਸ਼ਨ 89 | ਮਾਰਗ ਦੀ ਕੀ ਅਰਥ ਹੈ? |
| ਉੱਤਰ | ਰਸਤਾ |
| ਪ੍ਰਸ਼ਨ 90 | ਕਾਲ ਕੀ ਹੈ? |
| ਉੱਤਰ | ਤਾਲ ਦੀ ਵੰਡ ਦੇ ਸਮੇਂ ਦਾ ਨਾਮ |
| ਪ੍ਰਸ਼ਨ 91 | ਕਾਲ ਦਾ ਕੀ ਅਰਥ ਹੈ? |
| ਉੱਤਰ | ਸਮਾਂ, ਯੁੱਗ, ਅਵਦੀ |
| ਪ੍ਰਸ਼ਨ 92 | ਲੈਅ ਕਿਸ ਨੂੰ ਕਹਿੰਦੇ ਹਨ? |
| ਉੱਤਰ | ਸੰਗੀਤ ਵਿੱਚ ਸਮੇਂ ਦੀ ਸਮਾਨ ਗਤੀ ਨੰ. |
| ਪ੍ਰਸ਼ਨ 93 | ਯਤੀ ਕੀ ਹੈ? |
| ਉੱਤਰ | ਲੈਅ ਦਿਖਾਉਂਦੇ ਤਰੀਕੇ ਨ. ਯਤੀ ਕਹਿੰਦੇ ਹਨ। |
| ਪ੍ਰਸ਼ਨ 94 | ਦਿੱਲੀ ਘਰਾਣੇ ਦੀ ਨੀਂਹ ਕਿਸ ਨੇ ਰੱਖੀ? |
| ਉੱਤਰ | ਉਸਤਾਦ ਸਿਧਾਰ ਖਾਂ |
| ਪ੍ਰਸ਼ਨ 95 | ਦਿੱਲੀ ਬਾਜ ਵਿੱਚ ਕਿਹੜੀ ਉਂਗਲੀ ਦਾ ਪ੍ਰਯੋਗ ਹੁੰਦਾ ਹੈ? |
| ਉੱਤਰ | ਤਰਜਨੀ ਤੇ ਮਧਿਅਮ |
| ਪ੍ਰਸ਼ਨ 96 | ਦਿੱਲੀ ਘਰਾਣੇ ਦੇ ਪ੍ਰਸਿੱਧ ਤਬਲਾ ਵਾਦਕ ਦਾ ਨਾਂ ਲਿਖੋ। |
| ਉੱਤਰ | ਮੁਹੰਮਦ ਬਖ਼ਸ਼ |
| ਪ੍ਰਸ਼ਨ 97 | ਲਖਨਊ ਘਰਾਣੇ ਦੇ ਪ੍ਰਸਿੱਧ ਤਬਲਾ ਵਾਦਕ ਦਾ ਨਾਂ ਲਿਖੋ। |



Kan 48

| | |
|---|---|
| ਉੱਤਰ | ਉਸਤਾਦ ਮੌਦੂ ਖਾਂ |
| ਪ੍ਰਸ਼ਨ 97 | ਲਖਨਊ ਘਰਾਣੇ ਦੀ ਨੀਂਹ ਕਿਸ ਨੇ ਰੱਖੀ? |
| ਉੱਤਰ | ਉਸਤਾਦ |
| ਪ੍ਰਸ਼ਨ 98 | ਲਖਨਊ ਘਰਾਣੇ ਦੇ ਪਹਿਲੇ ਤਬਲਾ ਵਾਦਕ ਕੌਣ ਸਨ? |
| ਉੱਤਰ | ਉਸਤਾਦ ਵਿਲਾਇਤ ਖਾਂ |
| ਪ੍ਰਸ਼ਨ 99 | ਬਨਾਰਸ ਘਰਾਣੇ ਦੀ ਨੀਂਹ ਕਿਸ ਨੇ ਰੱਖੀ ਸੀ ? |
| ਉੱਤਰ | ਉਸਤਾਦ ਮੋਦੂ ਖਾਂ |
| ਪ੍ਰਸ਼ਨ 100 | ਬਨਾਰਸ ਘਰਾਣੇ ਦੇ ਪਹਿਲੇ ਤਬਲਾ ਵਾਦਕ? |
| ਉੱਤਰ | ਪੰ: ਰਾਮ ਸਹਾਇ |
| ਪ੍ਰਸ਼ਨ 101 | ਇਹ ਘਰਾਣਾ ਕਿਸ ਲਈ ਪ੍ਰਸਿੱਧ ਹੈ? |
| ਉੱਤਰ | ਪੂਰਬ ਅੰਗ ਦੀ ਠੁਮਰੀ ਦੀ ਸੰਗਤ ਲਈ |
| ਪ੍ਰਸ਼ਨ 102 | ਪੰਜਾਬ ਘਰਾਣੇ ਦੀ ਸ਼ੁਰੂਆਤ ਕਿੱਥੇ ਹੋਈ? |
| ਉੱਤਰ | ਕਾਦਿਰ ਬਖਸ਼ ਪਖਾਵਰੀ ਤੋਂ |
| ਪ੍ਰਸ਼ਨ 103 | ਅੱਲਾ ਰੱਖਾ ਦੇ ਪੁੱਤਰ ਕੌਣ ਹਨ? |
| ਉੱਤਰ | ਉਸਤਾਦ ਜ਼ਾਕਿਰ ਹੁਸੈਨ |
| ਪ੍ਰਸ਼ਨ 104 | ਪੰਜਾਬ ਘਰਾਣੇ ਵਿੱਚ ਕਿਹੋ ਜਿਹੇ ਬੋਲਾਂ ਦੀ ਪ੍ਰਧਾਨਤਾ ਰਹਿੰਦੀ ਹੈ? |
| ਉੱਤਰ | ਖੁੱਲ੍ਹੇ ਬੋਲ |
| ਪ੍ਰਸ਼ਨ 105 | ਸੋਲੋ ਤਬਲਾ ਵਾਦਨ ਦੇ ਕਿੰਨ੍ਹੇ ਸਿਧਾਂਤ ਹਨ? |
| ਉੱਤਰ | ਸੱਤ |
| ਪ੍ਰਸ਼ਨ 106 | ਕਿਸੇ ਇੱਕ ਸਿਧਾਂਤ ਦਾ ਨਾਂ ਲਿਖੋ? |
| ਉੱਤਰ | ਤਬਲਾ ਮਿਲਾਉਣਾ, ਤਾਲਾਂ ਦੀ ਚੋਣ |
| ਪ੍ਰਸ਼ਨ 107 | ਦੀਪਚੰਦੀ ਤਾਲ ਕਿੰਨ੍ਹੇ ਮਾਤਰਾ ਦੀ ਤਾਲ ਹੈ? |
| ਉੱਤਰ | 14 |
| ਪ੍ਰਸ਼ਨ 108 | ਇਸ ਦੀ ਪ੍ਰਕਿਰਤੀ ਕੈਸੀ ਹੈ? |
| ਉੱਤਰ | ਚੰਚਲ |
| ਪ੍ਰਸ਼ਨ 109 | ਇਸ ਤਾਲ ਦੀ ਸੰਗਤ ਕਿਸ ਨਾਲ ਕੀਤੀ ਜਾਂਦੀ ਹੈ? |
| ਉੱਤਰ | ਠੁਮਰੀ, ਲੋਕ ਗੀਤ |
| ਪ੍ਰਸ਼ਨ 110 | ਦੀਪਚੰਦੀ ਤਾਲ ਦੇ ਵਿਭਾਗ ਕਿੰਨ੍ਹੇ ਹਨ? |
| ਉੱਤਰ | 4 (ਚਾਰ) |
| ਪ੍ਰਸ਼ਨ 111 | ਕਿੰਨ੍ਹੀ-ਕਿੰਨ੍ਹੀ ਮਾਤਰਾ ਤੇ ਵਿਭਾਗ ਹਨ? |
| ਉੱਤਰ | 3-4 ਮਾਤਰਾ ਦੇ |
| ਪ੍ਰਸ਼ਨ 112 | ਦੀਪਚੰਦੀ ਕਿਹੜੀ ਮਾਤਰਾ ਤੇ ਖਾਲੀ ਹੈ? |
| ਉੱਤਰ | 8 ਮਾਤਰਾ |
| ਪ੍ਰਸ਼ਨ 113 | ਤਾਲ ਦੀ ਕਿਹੜੀ ਮਾਤਰਾ ਤੇ ਤਾਲੀ ਹੈ? |
| ਉੱਤਰ | 1,4,11 |

| | |
|---|---|
| ਉੱਤਰ | 1,4,11 |
| ਪ੍ਰਸ਼ਨ 114 | ਇਸ ਤਾਲ ਦੇ ਬੋਲ ਕਿਹੋ ਜਿਹੇ ਹਨ ? |
| ਉੱਤਰ | ਬੰਦ ਬੋਲ |
| ਪ੍ਰਖਨ 115 | ਤਿੰਨ ਤਾਲ ਕਿੰਨ੍ਹੀ ਮਾਤਰਾ ਦੀ ਤਾਲ ਹੈ? |
| ਉੱਤਰ | 16 |
| ਪ੍ਰਸ਼ਨ 116 | ਤਿੰਨ ਤਾਲ ਦੀ ਕਿੰਨ੍ਹੇ ਵਿਭਾਗ ਹਨ? |
| ਉੱਤਰ | 4 |
| ਪ੍ਰਸ਼ਨ 117 | ਤਾਲ ਦੀ ਕਿਹੜੀ-ਕਿਹੜੀ ਮਾਤਰਾ ਤਾਲੀ ਹੈ? |
| ਉੱਤਰ | 9 |
| ਪ੍ਰਸ਼ਨ 118 | ਤਾਲ ਦੀ ਕਿਹੜੀ ਮਾਤਰਾ ਤੇ ਤਾਲੀ ਹੈ? |
| ਉੱਤਰ | 1,5,11 |
| ਪ੍ਰਸ਼ਨ 119 | ਤਿੰਨ੍ਹ ਤਾਲ ਵਿੱਚ ਕੀ-ਕੀ ਵੱਜਦਾ ਹੈ? |
| ਉੱਤਰ | ਕਾਇਦਾ, ਉਠਾਨ, ਪੇਸ਼ਕਾਰ, ਰੇਖਾ, ਟੂਕੜਾ, ਪਰਨਾ |
| ਪ੍ਰਸ਼ਨ 120 | ਪੰਜਾਬੀ ਤਾਲ ਕਿੰਨੀ ਮਾਤਰਾ ਦੀ ਤਾਲ ਹੈ? |
| ਉੱਤਰ | 16 |
| ਪ੍ਰਸ਼ਨ 121 | ਤਾਲ ਦੀ ਕਿੰਨ੍ਹੇ ਵਿਭਾਗ ਹਨ? |
| ਉੱਤਰ | ਚਾਰ |
| ਪ੍ਰਸ਼ਨ 122 | ਕਿੰਨ੍ਹੀ-ਕਿੰਨ੍ਹੀ ਮਾਤਰਾ ਦੇ ਵਿਭਾਗ ਹਨ? |
| ਉੱਤਰ | ਚਾਰ-ਚਾਰ ਮਾਤਰਾ ਦੇ। |
| ਪ੍ਰਸ਼ਨ 123 | ਪੰਜਾਬੀ ਤਾਲ ਦੀ ਕਿਹੜੀ ਮਾਤਰਾ ਖਾਲੀ ਹੈ? |
| ਉੱਤਰ | 9 |
| ਪ੍ਰਸ਼ਨ 124 | ਪੰਜਾਬੀ ਤਾਲ ਵਿੱਚ ਕੀ ਕਿਹੜੀ ਮਾਤਰਾ ਤੇ ਤਾਲੀ ਹੈ? |
| ਉੱਤਰ | 1, 5, 11 ਮਾਤਰਾ ਤੇ |
| ਪ੍ਰਸ਼ਨ 125 | ਪੰਜਾਬੀ ਤਾਲ ਵਿੱਚ ਕੀ ਵਜਾਏ ਜਾਂਦੇ ਹਨ? |
| ਉੱਤਰ | ਕਾਇਦੀ, ਮੁਖੜੇ, ਪੇਸ਼ਕਾਰ |
| ਪ੍ਰਸ਼ਨ 126 | ਰੂਪਕ ਤਾਲ ਕਿੰਨ੍ਹੀ ਮਾਤਰਾ ਦੀ ਤਾਲ ਹੈ? |
| ਉੱਤਰ | 7 |
| ਪ੍ਰਸ਼ਨ 127 | ਰੂਪਕ ਤਾਲ ਦੇ ਕਿੰਨ੍ਹੇ ਮਾਤਰਾ ਦੇ ਵਿਭਾਗ ਹਨ? |
| ਉੱਤਰ | 3-2-2 |
| ਪ੍ਰਸ਼ਨ 128 | ਰੂਪਕ ਤਾਲ ਦੀ ਕਿਹੜੀ ਮਾਤਰਾ ਤੇ ਤਾਲੀ ਹੈ? |
| ਉੱਤਰ | 4,6 |
| ਪ੍ਰਸ਼ਨ 129 | ਰੂਪਕ ਤਾਲ ਦੀ ਕਿਹੜੀ ਮਾਤਰਾ ਤੇ ਖਾਲੀ ਹੈ? |
| ਉੱਤਰ | 1 |
| ਪ੍ਰਸ਼ਨ 130 | ਰੂਪਕ ਤਾਲ ਦਾ ਦੂਸਰਾ ਨਾਂ? |
| ਉੱਤਰ | ਢਈਆ |

ਪ੍ਰਸ਼ਨ 131 ਝਪਤਾਲ ਕਿੰਨ੍ਹੀ ਮਾਤਰਾ ਦੀ ਤਾਲ ਹੈ?

ਉੱਤਰ 10 ਮਾਤਰਾ

ਪ੍ਰਸ਼ਨ 132 ਝਪਤਾਲ ਦੇ ਕਿੰਨ੍ਹੇ ਵਿਭਾਗ ਹਨ?

ਉੱਤਰ 4 ਵਿਭਾਗ

ਪ੍ਰਸ਼ਨ 133 ਝਪਤਾਲ ਕਿੰਨੀ-ਕਿੰਨ੍ਹੀ ਮਾਤਰਾ ਦੇ ਵਿਭਾਗ ਹਨ?

ਉੱਤਰ 2-3, 2-3, ਮਾਤਰਾ ਦੇ

ਪ੍ਰਸ਼ਨ 134 ਝਪਤਾਲ ਦੀ ਕਿਹੜੀ ਮਾਤਰਾ ਖਾਲੀ ਹੈ?

ਉੱਤਰ 6 ਮਾਤਰਾ

ਪ੍ਰਸ਼ਨ 135 ਝਪਤਾਲ ਦੀ ਕਿਹੜੀ ਮਾਤਰਾ ਤੇ ਤਾਲੀ ਹੈ?

ਉੱਤਰ 1,3,8

ਪ੍ਰਸ਼ਨ 136 ਝਪਤਾਲ ਦਾ ਪ੍ਰਯੋਗ ਜ਼ਿਆਦਾ ਕਿੱਥੇ ਕੀਤਾ ਜਾਂਦਾ ਹੈ?

ਉੱਤਰ ਸੁਤੰਤਰ ਵਾਦਨ ਵਿੱਚ

ਪ੍ਰਸ਼ਨ 137 ਇੱਕਤਾਲ ਕਿੰਨ੍ਹੀ ਮਾਤਰਾ ਦੀ ਤਾਲ ਹੈ?

ਉੱਤਰ 12 ਮਾਤਰਾ ਦੀ

ਪ੍ਰਸ਼ਨ 138 ਇੱਕਤਾਲ ਦੇ ਕਿੰਨ੍ਹੇ ਵਿਭਾਗ ਹਨ?

ਉੱਤਰ 6

ਪ੍ਰਸ਼ਨ 139 ਇੱਕ ਤਾਲ ਵਿੱਚ ਕਿੰਨ੍ਹੀ-ਕਿੰਨ੍ਹੀ ਮਾਤਰਾ ਦੇ ਵਿਭਾਗ ਹਨ?

ਉੱਤਰ 2-2 ਮਾਤਰਾ ਦੇ।

ਪ੍ਰਸ਼ਨ 140 ਇੱਕਤਾਲ ਦੀ ਕਿਹੜੀ ਮਾਤਰਾ ਤੇ ਖਾਲੀ ਹੈ?

ਉੱਤਰ ਇੱਕਤਾਲ ਦੀ 3 ਅਤੇ 7 ਮਾਤਰਾ ਤੇ ਖਾਲੀ ਹੈ।

ਪ੍ਰਸ਼ਨ 141 ਇੱਕਤਾਲ ਦੀ ਕਿਹੜੀ ਮਾਤਰਾ ਤੇ ਤਾਲੀ ਹੈ?

ਉੱਤਰ 1,5,9,11

ਪ੍ਰਸ਼ਨ 142 ਇੱਕ ਤਾਲ ਵਿੱਚ ਕੀ ਵਜਾਏ ਜਾਂਦੇ ਹਨ?

ਉੱਤਰ ਕਾਇਦੇ, ਪਲੇਟੇ,ਟੁਕੜਾ, ਰੇਲਾ, ਉਠਾਨ

ਪ੍ਰਸ਼ਨ 143 ਇਕਤਾਲ ਵਿੱਚ ਕੀ ਜ਼ਿਆਦਾ ਕੀਤਾ ਜਾਂਦਾ ਹੈ?

ਉੱਤਰ ਸੋਲੋ ਵਾਦਨ।

ਪ੍ਰਸ਼ਨ 144 ਇੱਕਤਾਲ ਵਿੱਚ ਕਿਹੜੀਆਂ ਗਾਇਨ ਸ਼ੈਲੀਆਂ ਦਾ ਪ੍ਰਯੋਗ ਹੁੰਦਾ ਹੈ?

ਉੱਤਰ ਵਿਲੰਬਿਤ ਖਿਆਲ ਤੇ ਤਰਾਨਾ

ਪ੍ਰਸ਼ਨ 145 ਝਪਤਾਲ ਦਾ ਵਾਦਨ ਕਿਸ ਸ਼ੈਲੀ ਨਾਲ ਜ਼ਿਆਦਾ ਕੀਤਾ ਜਾਂਦਾ ਹੈ?

ਉੱਤਰ ਕੱਥਕ ਨਰਿਤ, ਮੱਧ ਲੈਅ, ਖਿਆਲ ਨਾਲ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ 146 ਉਠਾਨ ਦਾ ਸ਼ਾਬਦਿਕ ਅਰਥ ਹੈ ਉਠਣਾ।

ਪ੍ਰਸ਼ਨ 147 ਉਠਾਨ ਦੇ ਬੋਲ ਜ਼ੋਰਦਾਰ ਹੁੰਦੇ ਹਨ।

ਪ੍ਰਸ਼ਨ 148 ਉਠਾਨ ਬਰਾਬਰ ਦੀ ਲੈਅ ਵਿੱਚ ਵੱਜਦੀ ਹੈ।

ਪ੍ਰਸ਼ਨ 149 ਉਠਾਨ ਤਿਹਾਈ ਵਜਾ ਕੇ ਖਤਮ ਹੁੰਦੀ ਹੈ।



Kardip

ਪ੍ਰਸ਼ਨ 150 ਪੇਸ਼ਕਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ।

ਪ੍ਰਸ਼ਨ 151 ਪੇਸ਼ਕਾਰ ਦਾ ਅਰਥ ਹੈ ਪੇਸ਼ ਕਰਨਾ।

ਪ੍ਰਸ਼ਨ 152 ਪੇਸ਼ਕਾਰ ਸੋਲੋ ਤਬਲਾ ਵਾਦਨ ਸਮੇਂ ਵਜਾਇਆ ਜਾਂਦਾ ਹੈ।

ਪ੍ਰਸ਼ਨ 153 ਪੇਸ਼ਕਾਰ ਦਿੱਲੀ ਅਤੇ ਅਜਰਾੜਾ ਘਰਾਣਿਆ ਵਿੱਚ ਵਿਸ਼ੇਸ਼ ਢੰਗ ਨਾਲ ਵੱਜਦਾ ਹੈ।

ਪ੍ਰਸ਼ਨ 154 ਪੇਸ਼ਕਾਰ ਵਿਲੰਬਿਤ ਲੈਅ ਵਿੱਚ ਵੱਜਦਾ ਹੈ।

ਪ੍ਰਸ਼ਨ 155 ਪੇਸ਼ਕਾਰ ਵਿੱਚ ਧੀਕੜ ਅਤੇ ਧਿੰਤਾ ਬੋਲ ਵੱਜਦੇ ਹਨ।

ਪ੍ਰਸ਼ਨ 156 ਖੁੱਲ੍ਹੇ ਅਤੇ ਜ਼ੋਰਦਾਰ ਬੋਲਾਂ ਦੇ ਆਧਾਰ ਤੇ ਜੋ ਰਚਨਾ ਤਬਲੇ ਤੇ ਵਜਾਈ ਜਾਂਦੀ ਹੈ ਉਹ ਪਰਨ ਹੈ।

ਪ੍ਰਸ਼ਨ 157 ਪਰਨ ਦੋ ਆਵਰਤਨ ਦੀ ਹੁੰਦੀ ਹੈ।

ਪ੍ਰਸ਼ਨ 158 ਤਬਲਾ ਸੋਲੋ ਦੇ ਅੰਤ ਵਿੱਚ ਪਰਨ ਦਾ ਪ੍ਰਯੋਗ ਹੁੰਦਾ ਹੈ।

ਪ੍ਰਸ਼ਨ 159 ਪਰਨ ਆਮ ਤੌਰ ਤੇ ਤਿਹਾਈਦਾਰ ਹੁੰਦੀ ਹੈ।

ਪ੍ਰਸ਼ਨ 160 ਪਰਨ ਦੇ ਕਮਾਲੀ ਪਰਨ ਤੇ ਚੱਕਰਦਾਰ ਪਰਨ ਪ੍ਰਕਾਰ ਹਨ।

ਪ੍ਰਸ਼ਨ 161 ਪਰਨ ਦੇ ਬੋਲ ਦਮਦਾਰ ਹੁੰਦੇ ਹਨ।

ਪ੍ਰਸ਼ਨ 162 ਤਿਹਾਈ ਨੂੰ ਤੀਯਾ ਵੀ ਕਹਿੰਦੇ ਹਨ।

ਪ੍ਰਸ਼ਨ 163 ਬੋਲਾਂ ਨੂੰ ਤਿੰਨ ਵਾਰ ਵਜਾ ਕੇ ਤਿਹਾਈ ਵਜਾਈ ਜਾਂਦੀ ਹੈ।

ਪ੍ਰਸ਼ਨ 164 ਤਿਹਾਈ ਦੀਆਂ ਕਿਸਮਾਂ ਦਮਦਾਰ ਤਿਹਾਈ ਅਤੇ ਬੇ-ਦਮਦਾਰ ਤਿਹਾਈ ਹੈ।

ਪ੍ਰਸ਼ਨ 165 ਉਹ ਬੋਲ ਰਚਨਾ ਜਿਸ ਵਿੱਚ ਦੋ ਵੱਖ-ਵੱਖ ਲੈਅਕਾਰੀਆਂ ਹੋਣ ਉਹ ਦੁੱਪਲੀ ਹੈ।

ਪ੍ਰਸ਼ਨ 166 ਦੁਪੱਲੀ ਇੱਕ ਜਾਂ ਦੋ ਆਵਰਤਨ ਦੀ ਹੁੰਦੀ ਹੈ।

ਪ੍ਰਸ਼ਨ 167 ਉਹ ਬੋਲ ਰਚਨਾ ਜਿਸ ਵਿੱਚ ਤਿੰਨ੍ਹ ਵੱਖ-ਵੱਖ ਲੈਅਕਾਰੀਆਂ ਹੋਣ ਉਹ ਤਿਪੱਲੀ ਹੈ।

ਪ੍ਰਸ਼ਨ 168 ਤਿਪਲੀ ਦੋ ਜਾਂ ਇੱਕ ਆਵਰਤਨ ਦੀ ਹੁੰਦੀ ਹੈ।

ਪ੍ਰਸ਼ਨ 169 ਤਿਹਾਈ ਦੋ ਪ੍ਰਕਾਰ ਦੀ ਹੈ।

ਪ੍ਰਸ਼ਨ 170 ਬੋਲਾਂ ਦਾ ਸਮੂਹ ਜਿਸ ਨੂੰ ਚੌਗੁਣ, ਅਠਗੁਣ ਲੈਅਕਾਰੀਆਂ ਵਜਾਇਆ ਜਾਵੇ ਉਸ ਨੂੰ ਰੇਲਾ ਕਹਿੰਦੇ ਹਨ।

ਪ੍ਰਸ਼ਨ 171 ਸੁਤੰਤਰ ਤਬਲਾ ਵਾਦਨ ਵਿੱਚ ਰੇਲੇ ਦਾ ਮਹੱਤਵਪੂਰਨ ਸਥਾਨ ਹੈ।

ਪ੍ਰਸ਼ਨ 172 ਤਿਹਾਈ ਦੇ ਬੋਲ ਸਮੂਹ ਤੋਂ ਬਾਅਦ ਧਾ ਪ੍ਰਯੋਗ ਹੁੰਦਾ ਹੈ।

ਪ੍ਰਸ਼ਨ 173 ਸੰਗੀਤ ਕਲਾ ਦੇ ਗਾਇਨ,ਵਾਦਨ, ਨਰਿਤ ਤਿਹਾਈ ਵਜਾ ਕੇ ਖਤਮ ਹੁੰਦਾ ਹੈ।

ਪ੍ਰਸ਼ਨ 174 ਰੇਲੇ ਵਿੱਚ ਤਬਲਾ ਵਾਦਕ ਦੇ ਹੱਥ ਦੀ ਤਿਆਰੀ ਦਾ ਪਤਾ ਲੱਗਦਾ ਹੈ।

ਪ੍ਰਸ਼ਨ 175 ਨਗਮੇ ਨੂੰ ਗੀਤ ਵੀ ਕਹਿੰਦੇ ਹਨ।

ਪ੍ਰਸ਼ਨ 176 ਕਿਸੀ ਸਾਜ਼ ਤੇ ਧੁਨ ਵਜਾਉਣ ਨੂੰ ਨਗਮਾ ਕਹਿੰਦੇ ਹਨ।

ਪ੍ਰਸ਼ਨ 177 ਰਾਗਾਂ ਨੂੰ ਆਨੰਦਮਈ ਬਣਾਉਣ ਲਈ ਤਾਲ ਸਿਧਾਂਤ ਦੀ ਜ਼ਰੂਰਤ ਪਈ।

ਪ੍ਰਸ਼ਨ 178 ਪਹਿਲਾਂ ਤਾਲ ਛੰਦਾਂ ਨਾਲ ਵਜਾਈ ਜਾਂਦੀ ਸੀ।

ਪ੍ਰਸ਼ਨ 179 ਪਹਿਲਾਂ ਤਾਲਾਂ ਨੂੰ ਨੀਯਤ ਮਾਤਰਾਂ ਦੇ ਕੋਸ਼ਟ ਵਿੱਚ ਰੱਖ ਕੇ ਠੇਕੇ ਦਾ ਨਾਂ ਦਿੱਤਾ ਗਿਆ।

ਪ੍ਰਸ਼ਨ 180 ਤਾਲ ਦੇ ਸਿਧਾਂਤ ਤਾਲ਼ੀ,ਖਾਲੀ, ਵਿਭਾਗ ਤੇ ਸਮ ਦੇ ਵਿਉਂਤ ਨਾਲ ਨਿਸ਼ਚਿਤ ਹੋਏ।

ਪ੍ਰਸ਼ਨ 181 ਤਿੰਨ ਤਾਲ ਅਤੇ ਦੀਪ ਚੰਦੀ ਤਾਲਾਂ ਧਮਾਰ ਤੇ ਠੁਮਰੀ ਨਾਲ ਵੱਜਦੀਆਂ ਹਨ।

ਪ੍ਰਸ਼ਨ 182 ਧਰੁਪਦ ਸ਼ੈਲੀ ਨਾਲ ਚੌਤਾਲ ਵੱਜਦੀ ਹੈ।

ਪ੍ਰਸ਼ਨ 183 ਖਿਆਲ ਅੰਗ ਲਈ ਇੱਕਤਾਲ ਤੇ ਝੂਮਰਾ ਤਾਲ ਵੱਜਦੀਆਂ ਹਨ।

ਪ੍ਰਸ਼ਨ 184 ਤਾਲ ਦੀ ਸਮੱਗਰੀ ਨੂੰ ਵਿਧੀ ਅਨੁਸਾਰ ਤੇ ਸਮੇਂ ਸਿਰ ਪ੍ਰਯੋਗ ਕਰਨ ਨੰ ਤਾਲ ਦੀ ਕ੍ਰਿਆ ਕਹਿੰਦੇ ਹਨ।

ਪ੍ਰਸ਼ਨ 185 ਤਾਲਾਂ ਨੂੰ ਇਕਸਾਰਤਾ ਵਿੱਚ ਲਿਆਣ ਲਈ ਤਾਲਾਂ ਦੇ ਸਿਧਾਂਤ ਬਣਾਏ ਗਏ।

ਪ੍ਰਸ਼ਨ 186 ਸੰਗੀਤ ਵਿੱਚ ਗਾਇਨ, ਵਾਦਨ ਤੇ ਨਿਰਤ ਦਾ ਸਮਾਵੇਸ਼ ਹੈ।

ਪ੍ਰਸ਼ਨ 187 ਸੰਗੀਤ ਵਿੱਚ ਤਾਲ ਲੈਅ ਤੇ ਨਿਰਭਰ ਹੈ।

ਪ੍ਰਸ਼ਨ 188 ਲੈਅ ਮਾਤਰਾਵਾਂ ਦੀ ਜਨਨੀ ਹੈ।

ਪ੍ਰਸ਼ਨ 189 ਵੱਖ-ਵੱਖ ਵਾਦਾਂ ਰਾਹੀਂ ਲੈਅ ਪ੍ਰਗਟ ਕੀਤੀ ਜਾਂਦੀ ਹੈ।

ਪ੍ਰਸ਼ਨ 190 ਸੰਗੀਤਕਾਰ ਨੂੰ ਲੈਅ ਅਤੇ ਤਾਲ ਕਾਬੂ ਵਿੱਚ ਰੱਖਦੀ ਹੈ।

ਪ੍ਰਸ਼ਨ 191 ਸੰਗੀਤ ਦਾ ਮੁੱਖ ਉਦੇਸ਼ ਆਨੰਦ ਦੇਣਾ ਹੈ।

ਪ੍ਰਸ਼ਨ 192 ਸੰਗੀਤ ਦੀ ਸਜਾਵਟ ਤਾਲ ਤੇ ਲੈਅ ਤੇ ਹੈ।

ਪ੍ਰਸ਼ਨ 193 ਜੇਕਰ ਸੰਗੀਤ ਵਿੱਚ ਤਾਲ ਤੇ ਲੈਅ ਨਾ ਹੋਵੇ ਤਾਂ ਸੰਗੀਤ ਨੀਰਸ ਲਗੇਗਾ।

ਪ੍ਰਸ਼ਨ 194 ਤਬਲਾ ਤੇ ਪਖਾਵਜ ਤਾਲ ਵਾਦ ਹੈ।

ਪ੍ਰਸ਼ਨ 195 ਤਬਲਾ ਆਧੁਨਿਕ ਵਾਦ ਹੈ।

ਪ੍ਰਸ਼ਨ 196 ਤਬਲਾ ਤੇ ਪਖਾਵਜ ਅਵਨੱਧ ਵਾਦ ਦੀ ਸ਼੍ਰੇਣੀ ਵਿੱਚ ਆਉਂਦੇ ਹਨ।

ਪ੍ਰਸ਼ਨ 197 ਤਬਲੇ ਨੂੰ ਜੋੜੀ ਵੀ ਕਹਿੰਦੇ ਹਨ।

ਪ੍ਰਸ਼ਨ 198 ਤਬਲੇ ਦੇ ਦੋ ਭਾਗ ਹਨ।

ਪ੍ਰਸ਼ਨ 199 ਪਖਾਵਜ ਦਾ ਸੱਜਾ ਭਾਗ ਚੌੜਾ ਹੁੰਦਾ ਹੈ।

ਪ੍ਰਸ਼ਨ 200 ਤਬਲੇ ਦੀ ਪ੍ਰਕਿਰਤੀ ਚੰਚਲ ਹੈ।

ਪ੍ਰਸ਼ਨ 201 ਪਖਾਵਜ ਦੀ ਪ੍ਰਕਿਰਤੀ ਗੰਭੀਰ ਹੁੰਦੀ ਹੈ।

ਪ੍ਰਸ਼ਨ 202 ਚਾਟੀ ਅਤੇ ਸਿਆਹੀ ਦਾ ਪ੍ਰਯੋਗ ਤਬਲੇ ਵਿੱਚ ਜ਼ਿਆਦਾ ਹੁੰਦਾ ਹੈ।

ਪ੍ਰਸ਼ਨ 203 ਪਖਾਵਜ ਵਿੱਚ ਜ਼ਿਆਦਾਤਰ ਲਵ ਅਤੇ ਸਿਆਹੀ ਦੀ ਪ੍ਰਯੋਗ ਹੁੰਦਾ ਹੈ।

ਪ੍ਰਸ਼ਨ 204 ਤਬਲੇ ਤੇ ਵੱਜਣ ਵਾਲੇ ਬੋਲਾਂ ਨੂੰ ਵਰਣ ਕਹਿੰਦੇ ਹਨ।

ਪ੍ਰਸ਼ਨ 205 ਪਖਾਵਜ ਤੇ ਵੱਜਣ ਵਾਲੇ ਬੋਲਾਂ ਨੂੰ ਵਰਣ ਜਾਂ ਘਾਟ ਕਹਿੰਦੇ ਹਨ।

ਪ੍ਰਸ਼ਨ 206 ਤਬਲਾ ਵਾਦਨ ਵਿੱਚ ਉਂਗਲੀਆਂ ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ।

ਪ੍ਰਸ਼ਨ 207 ਪਖਾਵਜ ਵਿੱਚ ਉਂਗਲੀਆਂ ਦੇ ਨਾਲ ਸਾਰਾ ਪੰਜਾ ਪ੍ਰਯੋਗ ਹੁੰਦਾ ਹੈ।

ਪ੍ਰਸ਼ਨ 208 ਸੰ 1880 ਈ. ਨੂੰ ਪੰ. ਕੰਠੇ ਮਹਾਰਾਜ ਜੀ ਦਾ ਜਨਮ ਹੋਇਆ।

ਪ੍ਰਸ਼ਨ 209 ਪੰ. ਕੰਠੇ ਮਹਾਰਾਜ ਬਨਾਰਸ ਬਾਜ ਨਾਲ ਸਬੰਧ ਰੱਖਦੇ ਸਨ।

ਪ੍ਰਸ਼ਨ 210 ਪਹਿਲੀ ਅਗਸਤ 1969 ਈ.ਨੂੰ ਕੰਠੇ ਮਹਾਰਾਜ ਜੀ ਦਾ ਸਰਗਵਾਸ ਹੋ ਗਿਆ।

ਪ੍ਰਸ਼ਨ 211 ਸ਼ਾਮਤਾ ਪ੍ਰਸ਼ਾਦ ਦਾ ਜਨਮ 18 ਜੁਲਾਈ ਸੰਨ 1920 ਨੂੰ ਬਨਾਰਸ ਵਿੱਚ ਹੋਇਆ।

ਪ੍ਰਸ਼ਨ 212 ਸ਼ਾਮਤਾ ਪ੍ਰਸ਼ਾਦ ਗੁਦਈ ਮਹਾਰਾਜ ਦੇ ਨਾਂ ਤੋਂ ਪ੍ਰਸਿੱਧ ਸਨ।

ਪ੍ਰਸ਼ਨ 213 ਤਬਲਾ ਜਾਦੂਗਰ ਨਾਲ ਸ਼ਾਮਤਾ ਪ੍ਰਸ਼ਾਦ ਨੂੰ ਸਨਮਾਨਿਤ ਕੀਤਾ।

ਪ੍ਰਸ਼ਨ 214 ਸ਼ਾਮਤਾ ਪ੍ਰਸ਼ਾਦ ਦਾ ਸਵਰਗਵਾਸ 21 ਮਈ 1984 ਈ.ਵਿਚ ਹੋਇਆ।

ਪ੍ਰਸ਼ਨ 215 ਉਸਤਾਦ ਜਾਕਿਰ ਹੁਸੈਨ ਦਾ ਜਨਮ 1952 ਈ. ਨੂੰ ਮੁੰਬਈ ਵਿਖੇ ਹੋਇਆ।

ਪ੍ਰਸ਼ਨ 216 ਉਸਤਾਦ ਜਾਕਿਰ ਹੁਸੈਨ ਨੇ ਉਸਤਾਦ ਅਲੀ ਅਕਬਰ ਖਾਂ ਨਾਲ ਸੰਗਤ ਕੀਤੀ।

ਪ੍ਰਸ਼ਨ 217 ਪੰਜਾਬ, ਧਮਾਰ ਤੇ ਪੰਚਮ ਸਵਾਰੀ ਤਾਲਾਂ ਵਿੱਚ ਸੁਤੰਤਰ ਵਾਦਨ ਕੀਤਾ।

ਪ੍ਰਸ਼ਨ 218 ਕੈਲਫੋਰਨੀਆਂ ਵਿੱਚ ਬਤੌਰ ਤਬਲਾ ਸ਼ਿਕਸ਼ਕ ਕੰਮ ਕਰ ਰਹੇ ਹਨ।

ਪ੍ਰਸ਼ਨ 219 ਉਸਤਾਦ ਲਕਸ਼ਮਣ ਸਿੰਘ ਸੀਨ ਦਾ ਜਨਮ 3 ਦਿਸੰਬਰ 1927 ਨੂੰ ਹੋਇਆ।

ਪ੍ਰਸ਼ਨ 220 ਇਹਨਾਂ ਦੇ ਪਿਤਾ ਦਾ ਨਾਂ ਸ਼੍ਰੀ ਠਾਕੁਰ ਸੀਨ ਸੀ।

ਪ੍ਰਸ਼ਨ 221 ਆਪ ਨੇ ਸੰਗੀਤ ਸਿੱਖਿਆ ਦੁਰਗਾ ਸੰਗੀਤ ਅਕਾਦਮੀ ਜੰਮੂ ਤੋਂ ਲਈ।

ਪ੍ਰਸ਼ਨ 222 ਮਹਾਰਾਣੀ ਮਹਿਲਾ ਕਾਲਜ ਜੰਮੂ ਵਿੱਚ ਬਤੌਰ ਸੰਗੀਤ ਅਧਿਆਪਕ ਕੰਮ ਕੀਤਾ।

ਪ੍ਰਸ਼ਨ 223 ਇਹਨਾਂ ਦੇ ਗੁਰੂ ਦਾ ਨਾਂ ਮੀਆਂ ਕਾਦਰ ਬਖਸ਼ ਸੀ।

ਪ੍ਰਸ਼ਨ 224 ਆਪ ਨੇ ਦਿੱਲੀ ਰੇਡਿਉ ਸਟੇਸ਼ਨ ਤੇ ਤਬਲਾ ਵਾਦਕ ਦੀ ਨੌਕਰੀ ਕੀਤੀ।

ਪ੍ਰਸ਼ਨ 225 ਦੀਪਚੰਦੀ ਤਾਲ 14 ਮਾਤਰਾ ਦੀ ਤਾਲ ਹੈ।

ਪ੍ਰਸ਼ਨ 226 ਦੀਪਚੰਦੀ ਤਾਲ ਦੇ 4 ਵਿਭਾਗ ਹੁੰਦੇ ਹਨ।

ਪ੍ਰਸ਼ਨ 227 3-4 ਮਾਤਰਾ ਦੇ ਵਿਭਾਗ ਹੁੰਦੇ ਹਨ।

ਪ੍ਰਸ਼ਨ 228 ਇਸ ਤਾਲ ਦੀ 8 ਮਾਤਰਾ ਖਾਲੀ ਹੈ।

ਪ੍ਰਸ਼ਨ 229 ਤਾਲ ਦੀ 1,4,11 ਮਾਤਰਾ ਤੇ ਤਾਲੀ ਹੈ।

ਪ੍ਰਸ਼ਨ 230 ਦੀਪਚੰਦੀ ਤਾਲ ਦੇ ਬੋਲ ਬੰਦ ਹਨ।

ਪ੍ਰਸ਼ਨ 231 ਤਿੰਨ ਤਾਲ 16 ਮਾਤਰਾ ਦੀ ਤਾਲ ਹੈ।

ਪ੍ਰਸ਼ਨ 232 ਤਿੰਨ ਤਾਲ ਦੀ 9 ਮਾਤਰਾ ਖਾਲੀ ਹੈ।

ਪ੍ਰਸ਼ਨ 233 ਤਿੰਨ ਤਾਲ ਦੀ 1, 5, 11 ਮਾਤਰਾ ਤੇ ਤਾਲੀ ਹੈ।

ਪ੍ਰਸ਼ਨ 234 ਪੰਜਾਬੀ ਤਾਲ 16 ਮਾਤਰਾ ਦੀ ਤਾਲ ਹੈ।

ਪ੍ਰਸ਼ਨ 235 ਪੰਜਾਬੀ ਤਾਲ ਤਿੰਨ ਤਾਲ ਨਾਲ ਮਿਲਦੀ ਹੈ।

ਪ੍ਰਸ਼ਨ 236 ਪੰਜਾਬੀ ਤਾਲ ਵਿੱਚ ਕਾਇਦੇ ਵਜਾਏ ਜਾਂਦੇ ਹਨ।

ਪ੍ਰਸ਼ਨ 237 ਰੂਪਕ ਤਾਲ 7 ਮਾਤਰਾ ਦੀ ਤਾਲ ਹੈ।

ਪ੍ਰਸ਼ਨ 238 ਰੂਪਕ ਤਾਲ ਦੇ 3-2-2 ਮਾਤਰਾ ਦੇ ਵਿਭਾਗ ਹਨ।

ਪ੍ਰਸ਼ਨ 239 ਰੂਪਕ ਤਾਲ ਦੀ 4,6 ਮਾਤਰਾ ਤੇ ਤਾਲੀ ਹੈ।

ਪ੍ਰਸ਼ਨ 240 ਰੂਪਕ ਤਾਲ ਦਾ ਦੂਸਰਾ ਨਾਲ ਢਈਆ ਹੈ।

ਪ੍ਰਸ਼ਨ 241 ਝਪਤਾਲ ਦੀਆਂ 10 ਮਾਤਰਾਵਾਂ ਹਨ।

ਪ੍ਰਸ਼ਨ 242 ਝਪਤਾਲ ਦੇ ਚਾਰ ਵਿਭਾਗ ਹਨ।

ਪ੍ਰਸ਼ਨ 243 ਝਪਤਾਲ ਦੇ 2-3 ਮਾਤਰਾ ਦੇ ਵਿਭਾਗ ਹਨ।

ਪ੍ਰਸ਼ਨ 244 ਝਪਤਾਲ ਦੀ 6 ਮਾਤਰਾ ਖਾਲੀ ਹੈ।

ਪ੍ਰਸ਼ਨ 245 ਝਪਤਾਲ ਦੀ 1,3,8 ਮਾਤਰਾ ਤੇ ਤਾਲੀ ਹੈ।

ਪ੍ਰਸ਼ਨ 246 ਇਕਤਾਲ 12 ਮਾਤਰਾ ਦੀ ਤਾਲ ਹੈ।

ਪ੍ਰਸ਼ਨ 247 ਇਕਤਾਲ ਵਿੱਚ 2-2 ਮਾਤਰਾ ਦੇ ਛੇ ਵਿਭਾਗ ਹਨ।

ਪ੍ਰਸ਼ਨ 248 ਇੱਕਤਾਲ ਦੀ 3, 7 ਮਾਤਰਾ ਖਾਲੀ ਹੈ।

ਪ੍ਰਸ਼ਨ 249 ਇਕਤਾਲ ਦੀ 1,5,9,11 ਮਾਤਰਾ ਤੇ ਤਾਲੀ ਹੈ।

ਪ੍ਰਸ਼ਨ 250 ਇਕਤਾਲ ਵਿੱਚ ਜ਼ਿਆਦਾ ਸੋਲੋ ਵਾਦਨ ਕੀਤਾ ਜਾਂਦਾ ਹੈ।

**ਸਹੀ/ਗਲਤ ਦੀ ਚਿੰਨ੍ਹ ਲਗਾਉ।**

ਪ੍ਰਸ਼ਨ 251 ਉਠਾਨ ਨੂੰ ਉਠਣਾ ਵੀ ਕਹਿੰਦੇ ਹਨ। ✔

ਪ੍ਰਸ਼ਨ 252 ਉਠਾਨ ਦੇ ਬੋਲ ਧੀਮੇ ਹੁੰਦੇ ਹਨ। ✕

ਪ੍ਰਸ਼ਨ 253 ਉਠਾਨ ਬਰਾਬਰ ਦੀ ਲੈਅ ਵਿੱਚ ਵੱਜਦੀ ਹੈ। ✔

| | | |
|---|---|---|
| ਪ੍ਰਸ਼ਨ 254 | ਉਠਾਨ ਇੱਕ ਗੁਣ ਵਜਾ ਕੇ ਖਤਮ ਕੀਤੀ ਜਾਂਦੀ ਹੈ। | ✗ |
| ਪ੍ਰਸ਼ਨ 255 | ਪੇਸ਼ਕਾਰੀ ਫਾਰਸੀ ਦਾ ਸ਼ਬਦ ਹੈ। | ✔ |
| ਪ੍ਰਸ਼ਨ 256 | ਪੇਸ਼ਕਾਰੀ ਦਾ ਅਰਥ ਹੈ ਪੇਸ਼ ਕਰਨਾ। | ✔ |
| ਪ੍ਰਸ਼ਨ 257 | ਪੇਸ਼ਕਾਰ ਸੋਲੋ ਤਬਲਾ ਵਾਦਨ ਵਿੱਚ ਸਹੀ ਵਜਦਾ ਹੈ। | ✗ |
| ਪ੍ਰਸ਼ਨ 258 | ਪੇਸ਼ਕਾਰ ਘਰਾਣਿਆਂ ਵਿੱਚ ਵਿਸ਼ੇਸ਼ ਢੰਗ ਨਾਲ ਵੱਜਦਾ ਹੈ। | ✔ |
| ਪ੍ਰਸ਼ਨ 259 | ਪੇਸ਼ਕਾਰ ਦਰੁੱਤ ਲੈਅ ਵਿੱਚ ਵੱਜਦਾ ਹੈ। | ✗ |
| ਪ੍ਰਸ਼ਨ 260 | ਪੇਸ਼ਕਾਰੀ ਵਿੱਚ ਧੀਕੜ ਤੇ ਧਿੰਤਾ ਬੋਲ ਵਜਦੇ ਹਨ। | ✔ |
| ਪ੍ਰਸ਼ਨ 261 | ਖੁਲ੍ਹੇ ਤੇ ਜ਼ੋਰਦਾਰ ਬੋਲਾਂ ਦੇ ਅਧਾਰ ਤੇ ਜੋ ਰਚਨਾ ਤਬਲੇ ਤੇ ਵੱਜਦੀ ਹੈ ਉਹ ਪਰਨ ਹੈ। | ✔ |
| ਪ੍ਰਸ਼ਨ 262 | ਪਰਨ ਤਿੰਨ੍ਹ ਆਵਰਤਨ ਦੀ ਹੁੰਦੀ ਹੈ। | ✗ |
| ਪ੍ਰਸ਼ਨ 263 | ਤਬਲਾ ਸੋਲੋ ਵਾਦਨ ਦੇ ਅੰਤ ਵਿੱਚ ਪਰਨ ਦਾ ਪ੍ਰਯੋਗ ਹੁੰਦਾ ਹੈ। | ✔ |
| ਪ੍ਰਸ਼ਨ 264 | ਪਰਨ ਆਮ ਤੌਰ ਤੇ ਤਿਹਾਈ ਦਾਰ ਹੁੰਦੀ ਹੈ। | ✔ |
| ਪ੍ਰਸ਼ਨ 265 | ਪਰਨ ਦਾ ਕਮਾਲੀ ਪਰਨ ਇੱਕ ਕਿਸਮ ਹੈ। | ✔ |
| ਪ੍ਰਸ਼ਨ 266 | ਪਰਨ ਦੇ ਬੋਲ ਦਮਦਾਰ ਹੁੰਦੇ ਹਨ। | ✔ |
| ਪ੍ਰਸ਼ਨ 267 | ਤਿਹਾਈ ਨੂੰ ਦੁਆ ਵੀ ਕਹਿੰਦੇ ਹਨ। | ✗ |
| ਪ੍ਰਸ਼ਨ 268 | ਬੋਲਾਂ ਨੂੰ ਤਿੰਨ੍ਹ ਬਾਰ ਵਜਾ ਕੇ ਤਿਹਾਈ ਵਜਦੀ ਹੈ। | ✔ |
| ਪ੍ਰਸ਼ਨ 269 | ਤਿਹਾਈ ਦੀ ਇੱਕ ਕਿਸਮ ਦਮਦਾਰ ਤਿਹਾਈ ਹੈ। | ✔ |
| ਪ੍ਰਸ਼ਨ 270 | ਜਿਸ ਵਿੱਚ ਦੋ ਵੱਖ-ਵੱਖ ਲੈਅਕਾਰੀਆਂ ਹੋਣ ਉਹ ਦੁਪੱਲੀ ਹੈ। | ✔ |
| ਪ੍ਰਸ਼ਨ 271 | ਦੁਪੱਲੀ ਇੱਕ ਜਾਂ ਦੋ ਆਵਰਤਨ ਦੀ ਹੁੰਦੀ ਹੈ। | ✔ |
| ਪ੍ਰਸ਼ਨ 272 | ਤਿੱਪਲੀ ਵਿੱਚ ਵੱਖ-ਵੱਖ ਤਿੰਨ੍ਹ ਲੈਅਕਾਰੀਆਂ ਹੁੰਦੀਆਂ ਹਨ। | ✔ |
| ਪ੍ਰਸ਼ਨ 273 | ਤਿਪੱਲੀ ਇੱਕ ਜਾਂ ਦੋ ਆਵਰਤਨ ਦੀ ਹੁੰਦੀ ਹੈ। | ✔ |
| ਪ੍ਰਸ਼ਨ 274 | ਤਿਹਾਈ ਦੋ ਪ੍ਰਕਾਰ ਦੀ ਹੈ। | ✔ |
| ਪ੍ਰਸ਼ਨ 275 | ਰੇਲਾ ਵਿੱਚ ਚੌਗੁਣ, ਅੱਠਗੁਣ, ਲੈਅਕਾਰੀ ਵਿੱਚ ਵਜਾਂਦੇ ਹਨ। | ✔ |
| ਪ੍ਰਸ਼ਨ 276 | ਸੁਤੰਤਰ ਵਾਦਨ ਵਿੱਚ ਰੇਲੇ ਦਾ ਮਹੱਤਵਪੂਰਨ ਸਥਾਨ ਹੈ। | ✔ |
| ਪ੍ਰਸ਼ਨ 277 | ਤਿਹਾਈ ਦੇ ਬੋਲ-ਸਮੂਹ ਤੋਂ ਬਾਅਦ 'ਧਾ'ਪ੍ਰਯੋਗ ਹੁੰਦਾ ਹੈ। | ✔ |
| ਪ੍ਰਸ਼ਨ 278 | ਸੰਗੀਤ ਗਾਇਨ, ਵਾਦਨ ਅਤੇ ਨਰਿਤ ਤਿਹਾਈ ਵਜਾ ਕੇ ਖਤਮ ਹੁੰਦਾ ਹੈ। | ✔ |
| ਪ੍ਰਸ਼ਨ 279 | ਰੇਲੇ ਵਿੱਚ ਤਬਲਾ ਵਾਦਕ ਦੇ ਹੱਥ ਦੀ ਤਿਆਰੀ ਦਾ ਪਤਾ ਲਗਦਾ ਹੈ। | ✔ |
| ਪ੍ਰਸ਼ਨ 280 | ਨਗਮੇ ਨੂੰ ਗੀਤ ਵੀ ਕਹਿੰਦੇ ਹਨ। | ✔ |
| ਪ੍ਰਸ਼ਨ 281 | ਨਗਮਾ ਕਿਸੀ ਸਾਜ ਤੇ ਧੁਨ ਵਜਾਉਣ ਨੂੰ ਕਹਿੰਦੇ ਹਨ। | ✔ |
| ਪ੍ਰਸ਼ਨ 282 | ਰਾਗਾਂ ਨੂੰ ਆਨੰਦਮਈ ਬਣਾਉਣ ਲਈ ਤਾਲ ਸਿਧਾਂਤ ਬਣੇ। | ✔ |
| ਪ੍ਰਸ਼ਨ 283 | ਪਹਿਲਾਂ ਤਾਲ ਛੰਦਾ ਨਾਲ ਜਾਣੀ ਜਾਂਦੀ ਸੀ। | ✔ |
| ਪ੍ਰਸ਼ਨ 284 | ਪਹਿਲਾਂ ਤਾਲਾਂ ਨੂੰ ਠੇਕਾ ਵੀ ਕਹਿੰਦੇ ਹਨ। | ✔ |
| ਪ੍ਰਸ਼ਨ 285 | ਤਾਲ ਦੇ ਸਿਧਾਂਤ ਖਾਲੀ, ਤਾਲੀ, ਵਿਭਾਗ ਦੇ ਵਿਉਂਤ ਨਾਲ ਬਣੇ। | ✔ |
| ਪ੍ਰਸ਼ਨ 286 | ਠੁਮਰੀ ਗਾਇਕੀ ਨਾਲ ਦੀਪਚੰਦੀ ਤਾਲ ਵੱਜਦੀ ਹੈ। | ✔ |
| ਪ੍ਰਸ਼ਨ 287 | ਚੌਤਾਲ ਧਰੁਪਦ ਸ਼ੈਲੀ ਨਾਲ ਵੱਜਦੀ ਹੈ। | ✔ |
| ਪ੍ਰਸ਼ਨ 288 | ਖਿਆਲ ਨਾਲ ਇੱਕ ਤਾਲ, ਝੂਮਰਾਂ ਤਾਲ ਵੱਜਦੀ ਹੈ। | ✔ |

| | | |
|---|---|---|
| ਪ੍ਰਸ਼ਨ 289 | ਤਾਲਾਂ ਨੂੰ ਇਕਸਾਰਤਾ ਵਿੱਚ ਲਿਆਉਣ ਲਈ ਸਿਧਾਂਤ ਬਣੇ। | ✔ |
| ਪ੍ਰਸ਼ਨ 290 | ਸੰਗੀਤ ਵਿੱਚ ਗਾਇਨ ਵਾਦਨ, ਨਰਿਤ ਦਾ ਸਮਾਵੇਸ਼ ਨਹੀਂ। | ✕ |
| ਪ੍ਰਸ਼ਨ 291 | ਸੰਗੀਤ ਤਾਲ ਤੇ ਲੈਅ ਤੇ ਨਿਰਭਰ ਹੈ। | ✔ |
| ਪ੍ਰਸ਼ਨ 292 | ਲੈਅ ਮਾਤਰਾ ਦੀ ਜਨਨੀ ਹੈ। | ✔ |
| ਪ੍ਰਸ਼ਨ 293 | ਲੈਅ ਦੀ ਉਤਪਤੀ ਸ਼ਿਵਜੀ ਦੇ ਡਮਰੂ ਤੋਂ ਹੋਈ। | ✔ |
| ਪ੍ਰਸ਼ਨ 294 | ਵੱਖ-ਵੱਖ ਵਾਦਾਂ ਰਾਹੀਂ ਤਾਲ ਪ੍ਰਗਟ ਕੀਤੀ ਜਾਂਦੀ ਹੈ। | ✔ |
| ਪ੍ਰਸ਼ਨ 295 | ਸੰਗੀਤਕਾਰਾਂ ਨੂੰ ਲੈਅ ਅਤੇ ਤਾਲ ਕਾਬੂ ਵਿੱਚ ਰੱਖਦੀ ਹੈ। | ✔ |
| ਪ੍ਰਸ਼ਨ 296 | ਤਾਲ ਤੇ ਲੈਅ ਬਿਨਾਂ ਸੰਗੀਤ ਨੀਰਸ ਹੈ। | ✔ |
| ਪ੍ਰਸ਼ਨ 297 | ਸੰਗੀਤ ਦਾ ਉਦੇਸ਼ ਦੁੱਖ ਦੇਣਾ ਹੈ। | ✕ |
| ਪ੍ਰਸ਼ਨ 298 | ਸੰਗੀਤ ਦੀ ਸਜਾਵਟ ਤਾਲ ਤੇ ਲੈਅ ਤੇ ਹੈ। | ✔ |
| ਪ੍ਰਸ਼ਨ 299 | ਤਬਲਾ ਤਾਲ ਵਾਦ ਸਾਜ਼ ਹੈ। | ✔ |
| ਪ੍ਰਸ਼ਨ 300 | ਤਬਲਾ ਆਧੁਨਿਕ ਵਾਦ ਹੈ। | ✔ |
| ਪ੍ਰਸ਼ਨ 301 | ਤਬਲੇ ਨੂੰ ਜੋੜੀ ਵੀ ਕਹਿੰਦੇ ਹਨ। | ✔ |
| ਪ੍ਰਸ਼ਨ 302 | ਤਬਲਾ ਅਵਨੱਧ ਵਾਦ ਹੈ। | ✔ |
| ਪ੍ਰਸ਼ਨ 303 | ਤਬਲੇ ਦੇ ਚਾਰ ਭਾਗ ਹੁੰਦੇ ਹਨ। | ✕ |
| ਪ੍ਰਸ਼ਨ 304 | ਪਖਾਵਜ ਦਾ ਸੱਜਾ ਭਾਗ ਚੌੜਾ ਹੁੰਦਾ ਹੈ। | ✔ |
| ਪ੍ਰਸ਼ਨ 305 | ਤਬਲੇ ਦੀ ਪ੍ਰਕਿਰਤੀ ਗੰਭੀਰ ਹੁੰਦੀ ਹੈ। | ✕ |
| ਪ੍ਰਸ਼ਨ 306 | ਪਖਾਵਜ ਦੀ ਪ੍ਰਕਿਰਤੀ ਗੰਭੀਰ ਹੁੰਦੀ ਹੈ। | ✔ |
| ਪ੍ਰਸ਼ਨ 307 | ਚਾਂਟੀ ਤੇ ਸਿਆਹੀ ਦਾ ਤਬਲੇ ਤੇ ਜ਼ਿਆਦਾ ਪ੍ਰਯੋਗ ਹੁੰਦਾ ਹੈ। | ✔ |
| ਪ੍ਰਸ਼ਨ 308 | ਪਖਾਵਜ ਵਿੱਚ ਲਵ ਤੇ ਮੈਦਾਨ ਦਾ ਪ੍ਰਯੋਗ ਹੁੰਦਾ ਹੈ। | ✔ |
| ਪ੍ਰਸ਼ਨ 309 | ਤਬਲੇ ਤੇ ਵੱਜਣ ਵਾਲੇ ਬੋਲਾਂ ਨੂੰ ਵਰਨ ਕਹਿੰਦੇ ਹਨ। | ✔ |
| ਪ੍ਰਸ਼ਨ 310 | ਤਬਲਾ ਵਾਦਨ ਵਿੱਚ ਪੂਰੇ ਪੰਜੇ ਦਾ ਪ੍ਰਯੋਗ ਹੁੰਦਾ ਹੈ। | ✕ |
| ਪ੍ਰਸ਼ਨ 311 | ਪੰ. ਕੰਠੇ ਮਹਾਰਾਜ ਦਾ ਜਨਮ 1880 ਈ. ਨੂੰ ਹੋਇਆ। | ✔ |
| ਪ੍ਰਸ਼ਨ 312 | ਪੰ. ਕੰਠੇ ਮਹਾਰਾਜ ਬਨਾਰਸ ਬਾਜ ਨਾਲ ਸੰਬੰਧਿਤ ਸਨ। | ✔ |
| ਪ੍ਰਸ਼ਨ 313 | ਉ. ਜ਼ਾਕਿਰ ਹੁਸੈਨ ਦਾ ਜਨਮ 1952 ਈ. ਨੂੰ ਹੋਇਆ। | ✔ |
| ਪ੍ਰਸ਼ਨ 314 | ਇਹ ਇੱਕ ਪ੍ਰਸਿੱਧ ਤਬਲਾ ਵਾਦਕ ਹਨ। | ✔ |
| ਪ੍ਰਸ਼ਨ 315 | ਸ਼ਾਮਤਾ ਪ੍ਰਸਾਦ ਬਨਾਰਸ ਘਰਾਣੇ ਦੇ ਸਨ। | ✔ |
| ਪ੍ਰਸ਼ਨ 316 | ਸ਼ਾਮਤਾ ਪ੍ਰਸਾਦ ਨੂੰ ਤਬਲੇ ਦਾ ਜਾਦੂਗਰ ਵੀ ਕਹਿੰਦੇ ਹਨ। | ✔ |
| ਪ੍ਰਸ਼ਨ 317 | ਉਸਤਾਦ ਲੱਛਮਣ ਸਿੰਘ ਸੀਨ ਦਾ ਜਨਮ 1927 ਈ. ਨੂੰ ਹੋਇਆ। | ✔ |
| ਪ੍ਰਸ਼ਨ 318 | ਦੀਪਚੰਦੀ ਤਾਲ 14 ਮਾਤਰਾ ਦੀ ਤਾਲ ਹੈ। | ✔ |
| ਪ੍ਰਸ਼ਨ 319 | ਦੀਪਚੰਦੀ ਤਾਲ ਦੇ ਚਾਰ ਵਿਭਾਗ ਹਨ। | ✔ |
| ਪ੍ਰਸ਼ਨ 320 | ਪਖਾਵਜ ਵਿੱਚ ਉਂਗਲੀਆਂ ਦੇ ਨਾਲ ਪੰਜਾ ਪ੍ਰਯੋਗ ਹੁੰਦਾ ਹੈ। | ✔ |
| ਪ੍ਰਸ਼ਨ 321 | ਇਸ ਦੇ 3-4 ਮਾਤਰਾ ਦੇ ਵਿਭਾਗ ਹਨ। | ✔ |
| ਪ੍ਰਸ਼ਨ 322 | ਦੀਪਚੰਦੀ ਤਾਲ ਵਿੱਚ 8 ਮਾਤਰਾ ਤੇ ਖਾਲੀ ਹੈ। | ✔ |
| ਪ੍ਰਸ਼ਨ 323 | ਇਸ ਵਿੱਚ 1,4,11 ਮਾਤਰਾ ਤੇ ਤਾਲੀ ਹੈ। | ✔ |



Kandyn

| | | |
|---|---|---|
| ਪ੍ਰਸ਼ਨ 324 | ਦੀਪਚੰਦੀ ਤਾਲ ਬੰਦ ਬੋਲਾਂ ਦੀ ਤਾਲ ਹੈ। | ✔ |
| ਪ੍ਰਸ਼ਨ 325 | ਤਿੰਨ ਤਾਲ 16 ਮਾਤਰਾ ਦੀ ਤਾਲ ਹੈ। | ✔ |
| ਪ੍ਰਸ਼ਨ 326 | ਤਿੰਨ ਤਾਲ ਦੇ ਚਾਰ-ਚਾਰ ਮਾਤਰਾ ਦੇ ਵਿਭਾਗ ਹੁੰਦੇ ਹਨ। | ✔ |
| ਪ੍ਰਸ਼ਨ 327 | ਇਸ ਤਾਲ ਦੀ 9 ਮਾਤਰਾ ਖਾਲੀ ਹੈ। | ✔ |
| ਪ੍ਰਸ਼ਨ 328 | ਇਸ ਵਿੱਚ 1,5,11 ਮਾਤਰਾ ਤੇ ਤਾਲੀ ਹੈ। | ✔ |
| ਪ੍ਰਸ਼ਨ 329 | ਪੰਜਾਬੀ ਤਾਲ 16 ਮਾਤਰਾ ਦੀ ਤਾਲ ਹੈ। | ✔ |
| ਪ੍ਰਸ਼ਨ 330 | ਪੰਜਾਬੀ ਤਾਲ ਵਿੱਚ ਕਾਇਦੇ ਵੱਜਦੇ ਹਨ। | ✔ |
| ਪ੍ਰਸ਼ਨ 331 | ਪੰਜਾਬੀ ਤਾਲ ਤਿੰਨ ਤਾਲ ਨਾਲ ਮਿਲਦੀ ਜੁਲਦੀ ਹੈ। | ✔ |
| ਪ੍ਰਸ਼ਨ 332 | ਰੂਪਕ ਤਾਲ ਸੱਤ ਮਾਤਰਾ ਦੀ ਤਾਲ ਹੈ। | ✔ |
| ਪ੍ਰਸ਼ਨ 333 | ਇਸ ਵਿੱਚ 3-2-2 ਮਾਤਰਾ ਦੇ ਵਿਭਾਗ ਹਨ। | ✔ |
| ਪ੍ਰਸ਼ਨ 334 | ਰੂਪਕ ਤਾਲ ਦੀ 4,6 ਮਾਤਰਾ ਤੇ ਤਾਲੀ ਹੈ। | ✔ |
| ਪ੍ਰਸ਼ਨ 335 | ਰੂਪਕ ਤਾਲ ਨੂੰ ਢਈਆ ਵੀ ਕਹਿੰਦੇ ਹਨ। | ✔ |
| ਪ੍ਰਸ਼ਨ 336 | ਝਪਤਾਲ 10 ਮਾਤਰਾ ਦੀ ਤਾਲ ਹੈ। | ✔ |
| ਪ੍ਰਸ਼ਨ 337 | ਝਪਤਾਲ ਦੇ 4 ਵਿਭਾਗ ਹਨ। | ✔ |
| ਪ੍ਰਸ਼ਨ 338 | ਝਪਤਾਲ ਦੀ 6 ਮਾਤਰਾ ਖਾਲੀ ਹੈ। | ✔ |
| ਪ੍ਰਸ਼ਨ 339 | ਝਪਤਾਲ ਦੀ 1,3,8 ਮਾਤਰਾ ਤੇ ਤਾਲੀ ਹੈ। | ✔ |
| ਪ੍ਰਸ਼ਨ 340 | ਇੱਕਤਾਲ ਦੀਆਂ 12 ਮਾਤਰਾ ਹਨ। | ✔ |
| ਪ੍ਰਸ਼ਨ 341 | ਇਸ ਤਾਲ ਦੇ ਦੇ 2-2 ਮਾਤਰਾ ਦੇ ਛੇ ਵਿਭਾਗ ਹਨ। | ✔ |
| ਪ੍ਰਸ਼ਨ 342 | ਇਸ ਤਾਲ ਦੇ 3,7 ਮਾਤਰਾ ਖਾਲੀ ਹੈ। | ✔ |
| ਪ੍ਰਸ਼ਨ 343 | ਇਸ ਤਾਲ ਦੀ 1,5,9,11 ਮਾਤਰਾ ਤੇ ਤਾਲੀ ਹੈ। | ✔ |
| ਪ੍ਰਸ਼ਨ 344 | ਇਸ ਤਾਲ ਵਿੱਚ ਸੋਲੋ ਵਾਦਨ ਵੱਜਦਾ ਹੈ। | ✔ |

**ਬਹੁਭਾਂਤੀ ਪ੍ਰਸ਼ਨ**

ਪ੍ਰਸ਼ਨ 345 ਉਠਾਣ ਦਾ ਸ਼ਾਬਦਿਕ ਅਰਥ?

ੳ) ਬੈਠਣਾ ਅ) ਉਠਣਾ ੲ) ਸੌਣਾ ਸ) ਜਾਗਣਾ — ਉੱਤਰ: (ਅ)

ਪ੍ਰਸ਼ਨ 346 ਉਠਾਣ ਦੇ ਬੋਲ

ੳ) ਧੀਮੇ ਅ) ਬੈਠਣੇ ੲ) ਜ਼ੋਰਦਾਰ ਸ) ਦਮਦਾਰ — ਉੱਤਰ: (ੲ)

ਪ੍ਰਸ਼ਨ 347 ਉਠਾਨ ਵੱਜਦੀ ਹੈ।

ੳ) ਇਕ ਲੈਅ ਵਿੱਚ ਅ) ਬਰਾਬਰ ਲੈਅ ੲ) ਦੁਗੁਣ ਵਿੱਚ ਸ) ਚੌਗੁਣ ਲੈਅ ਵਿੱਚ — ਉੱਤਰ: (ਅ)

ਪ੍ਰਸ਼ਨ 348 ਪੇਸ਼ਕਾਰੀ ਕਿਸ ਭਾਸ਼ਾ ਦਾ ਸ਼ਬਦ ਹੈ?

ੳ) ਹਿੰਦੀ ਅ) ਅੰਗ੍ਰੇਜ਼ੀ ੲ) ਪੰਜਾਬੀ ਸ) ਫ਼ਾਰਸੀ — ਉੱਤਰ: (ਸ)

ਪ੍ਰਸ਼ਨ 349 ਉਠਾਨ ਖਤਮ ਹੁੰਦਾ ਹੈ।?

ੳ) ਤਿਹਾਈ ਵਜਾ ਕੇ ਅ) ਦੁਗਣ ਵਜਾ ਕੇ ੲ) ਇੱਕ ਗੁਣ ਵਜਾ ਕੇ ਸ) ਚੌਗੁਣ ਵਜਾ ਕੇ — ਉੱਤਰ: (ੳ)

ਪ੍ਰਸ਼ਨ 350 ਪੇਸ਼ਕਾਰ ਦਾ ਅਰਥ ?

ੳ) ਦਿਖਾਣਾ ਅ) ਪੇਸ਼ ਕਰਨਾ ੲ) ਵਜਾਉਣਾ ਸ) ਗਾਉਣਾ — ਉੱਤਰ: (ਅ)

ਪ੍ਰਸ਼ਨ 351 ਪੇਸ਼ਕਾਰੀ ਵਜਦੀ ਹੈ?

ੳ)ਮੱਧ ਲੈਅ ਅ) ਦਰੁੱਤ ਲੈਅ ੲ) ਵਿਲੰਬਿਤ ਲੈਅ ਸ) ਬਰਾਬਰ ਦੀ ਲੈਅ ਉੱਤਰ: (ੳ)

ਪ੍ਰਸ਼ਨ 352 ਪਰਨ ਦੇ ਆਵਰਤਨ ਹੁੰਦੇ ਹਨ।
ੳ)ਤਿੰਨ ਅ) ਦੋ ੲ) ਇੱਕ ਸ) ਚਾਰ ਉੱਤਰ: (ਅ)

ਪ੍ਰਸ਼ਨ 353 ਪਰਨ ਆਮ ਤੌਰ ਤੇ ਹੁੰਦੇ ਹਨ।
ੳ)ਤਿਹਾਈ ਦਾਰ ਅ) ਦੁਗੁਣ ੲ) ਇੱਕ ਗੁਣ ਸ) ਚੌਗੁਣ ਉੱਤਰ: (ੳ)

ਪ੍ਰਸ਼ਨ 354 ਤਿਪਲੀ ਦਾ ਅਰਥ ਹੈ?
ੳ)ਤਿੰਨ ਲੈਅਕਾਰੀਆਂ ਅ) ਦੋ ਗੁਣ ਲੈਅਕਾਰੀ ੲ) ਇੱਕ ਗੁਣ ਲੈਅਕਾਰੀ ਸ) ਚੌਗੁਣ ਲੈਅਕਾਰੀਆਂ ਉੱਤਰ: (ੳ)

ਪ੍ਰਸ਼ਨ 355 ਨਗਮਾ ਦਾ ਅਰਥ
ੳ)ਸੰਗੀਤ ਅ) ਗੀਤ ੲ) ਲੋਕਗੀਤ ਸ) ਲੋਕਗੀਤ ਉੱਤਰ: (ਅ)

ਪ੍ਰਸ਼ਨ 356 ਧਰੁਪਦ ਸ਼ੈਲੀ ਵਜਦੀ ਹੈ?
ੳ) ਚੌਤਾਲ ਅ) ਇੱਕ ਤਾਲ ੲ) ਇੱਕ ਤਾਲ ਸ)ਤਿੰਨ ਤਾਲ ਉੱਤਰ: (ੳ)

ਪ੍ਰਸ਼ਨ 357 ਸੰਗੀਤ ਨਿਰਭਰ ਕਰਦਾ ਹੈ।
ੳ) ਤਾਲ ਤੇ ਲੈਅ ਤੇ ਅ) ਤਾਲਾਂ ਤੇ ੲ) ਸੰਗੀਤਕਾਰ ਤੇ ਸ) ਵਜਾਉਣ ਵਾਲੇ ਤੇ ਉੱਤਰ: (ੳ)

ਪ੍ਰਸ਼ਨ 358 ਪੰ: ਕੰਠੇ ਮਹਾਰਾਜ ਦਾ ਜਨਮ
ੳ) 1880 ਅ) 1870 ੲ) 1860 ਸ) 1850 ਉੱਤਰ: (ੳ)

ਪ੍ਰਸ਼ਨ 359 ਤਬਲੇ ਦਾ ਜਾਦੂਗਰ
ੳ) ਸ਼ਾਮਤਾ ਪ੍ਰਸਾਦ ਅ) ਜ਼ਾਕਿਰ ਹੁਸੈਨ ੲ) ਕੰਠੇ ਮਹਾਰਾਜ ਸ) ਪੰ. ਭਾਤਖੰਡੇ ਉੱਤਰ: (ੳ)

ਪ੍ਰਸ਼ਨ 360 ਰੂਪਕ ਤਾਲ ਦੀਆਂ ਮਾਤਰਾਵਾਂ
ੳ) 6 ਅ) 7 ੲ) 9 ਸ) 5 ਉੱਤਰ: (ਅ)

ਪ੍ਰਸ਼ਨ 361 ਤਿੰਨ ਤਾਲ ਦੀਆਂ ਮਾਤਰਾਵਾਂ
ੳ) 16 ਅ) 15 ੲ) 14 ਸ) 12 ਉੱਤਰ: (ੳ)

ਪ੍ਰਸ਼ਨ 362 ਝਪਤਾਲ ਦੀਆਂ ਮਾਤਰਾਵਾਂ
ੳ)10 ਅ) 9 ੲ) 8 ਸ) 7 ਉੱਤਰ: (ੳ)

ਪ੍ਰਸ਼ਨ 363 ਝਪਤਾਲ ਦੀ ਖਾਲੀ
ੳ) 7 ਅ) 6 ੲ) 5 ਸ) 4 ਉੱਤਰ: (ਅ)

ਪ੍ਰਸ਼ਨ 364 ਪੰਜਾਬੀ ਤਾਲ ਦੀਆਂ ਮਾਤਰਾਂਵਾਂ
ੳ) 16 ਅ) 15 ੲ) 14 ਸ)12 ਉੱਤਰ: (ੳ)

**ਸਹੀ ਮਿਲਾਨ ਕਰੋ**

ਪ੍ਰਸ਼ਨ 365

| | |
|---|---|
| 1. ਤਬਲਾ | a. ਦੋ |
| 2. ਦੁਕੜ | b. ਜੋੜੀ |
| 3. ਚਾਟੀ ਜਾਂ ਕਿਨਾਰਾ | c. ਚਾਟੀ ਦੇ ਚਾਰੇ ਪਾਸੇ ਖਾਲੀ ਚਮੜਾ |
| 4. ਲਵ ਜਾਂ ਮੈਦਾਨ | d. ਪੁੜੀ ਦੇ ਉੱਪਰ ਗੋਲ ਖੱਲ |

ਉੱਤਰ: 1-b, 2-a,3-d,4-c

ਪ੍ਰਸ਼ਨ 366 ਤਾਲ ਦੀ ਖਾਲੀ

| | |
|---|---|
| 1. ਰੂਪਕ ਤਾਲ | a. 3,7 |

| | | |
|---|---|---|
| | 2. ਇਕ ਤਾਲ | b. ਪਹਿਲੀ |
| | 3. ਤਿੰਨ ਤਾਲ | c. 9 |

ਉੱਤਰ: 1- *b*, 2-*a*, 3-*c*,

| | | |
|---|---|---|
| ਪ੍ਰਸ਼ਨ 367 | ਤਾਲ ਦੀ ਮਾਤਰਾ | |
| | 1. ਇੱਕ ਤਾਲ | a. 16 |
| | 2. ਤਿੰਨ ਤਾਲ | b. 12 |
| | 3. ਦੀਪ ਚੰਦੀ | c. 14 |

ਉੱਤਰ: 1- *b*, 2-*a*, 3-*c*,

| | | |
|---|---|---|
| ਪ੍ਰਸ਼ਨ 368 | ਵਿਭਾਗ | |
| | 1. ਇੱਕ ਤਾਲ | a. 4 |
| | 2.ਝਪਤਾਲ | b. 6 |
| | 3. ਰੂਪਕ ਤਾਲ | c. 3 |

ਉੱਤਰ:1-*b*, 2-*a*, 3-*c*,

| | | |
|---|---|---|
| ਪ੍ਰਸ਼ਨ 369 | 1. ਇੱਕ ਤਾਲ | a. 4 |
| | 2.ਝਪਤਾਲ | b. 6 |
| | 3. ਰੂਪਕ ਤਾਲ | c. 3 |

ਉੱਤਰ: 1-*b*, 2-a, 3-*c*,

| | | |
|---|---|---|
| ਪ੍ਰਸ਼ਨ 370 | 1. ਤਿਹਾਈ | a. ਦੋ |
| | 2. ਕਿੰਨੇ ਪ੍ਰਕਾਰ | b. ਤੀਆ |
| | 3. ਦੁਪੱਲੀ ਦੇ ਆਵਰਤਨ | c. ਇੱਕ ਜਾਂ ਦੋ |

ਉੱਤਰ: 1- *b*, 2-*a*, 3-*c*

| | | |
|---|---|---|
| ਪ੍ਰਸ਼ਨ 371 | 1. ਧਮਾਰ | a. ਇੱਕਤਾਲੀ |
| | 2. ਖਿਆਲ | b. ਚੌਤਾਲ |
| | 3. ਧਰੁਪਦ | c. ਤਿੰਨ ਤਾਲ |

ਉੱਤਰ: 1- *b*, 2-*c*, 3-*a*

| | | |
|---|---|---|
| ਪ੍ਰਸ਼ਨ 372 | 1. ਤਬਲਾ | a. ਇੱਕ |
| | 2. ਪਖਾਵਜ | b. ਦੋ |
| | 3. ਪਖਾਵਜ ਦਾ ਸੱਜਾ ਭਾਗ | c. ਚੌੜਾ |

ਉੱਤਰ: 1-*b*, 2-*a*, 3-*c*

| | | |
|---|---|---|
| ਪ੍ਰਸ਼ਨ 373 | ਤਾਲ ਦੀ ਤਾਲੀ | |
| | 1. ਰੂਪਕ | a. 1,4,11 |
| | 2. ਇੱਕ ਤਾਲ | b. 4,6 |
| | 3. ਤਿੰਨ ਤਾਲ | c. 1,6 |

ਉੱਤਰ: 1-b, 2-a, 3-c

ਪ੍ਰਸ਼ਨ 374 ਪ੍ਰਕਿਰਤੀ

1. ਤਬਲਾ — a. ਚਾਟੀ-ਸਿਆਹੀ

2. ਪਖਾਵਜ — b. ਚੰਚਲ

3. ਪ੍ਰਯੋਗ — c. ਗੰਭੀਰ

ਉੱਤਰ: 1-*b*, 2- *c*,3- *a*

ਪ੍ਰਸ਼ਨ 375

1. ਤਿਹਾਈ — a. ਤੀਜੇ ਪੱਲੇ ਦਾ 'ਧਾ' ਸਮ ਤੇ ਆਵੇ।

2. ਦਮਦਾਰ ਤਿਹਾਈ — b. ਤਿਹਾਈ ਦੇ ਪਹਿਲੇ ਦੂਜੇ ਪੱਲੇ ਦੇ ਵਿਚਲੇ ਭਾਗ ਤੇ ਬਿਲਕੁਲ ਨਾ ਰੁਕਿਆ ਜਾਵੇ।

3. ਬੇਦਮਦਾਰ ਤਿਹਾਈ — c. ਤੀਯਾ

ਉੱਤਰ: 1-*c*, 2-*a*, 3-*b*

ਪ੍ਰਸ਼ਨ 376

1. ਨਗਮੇ ਦਾ ਅਰਥ — a. ਤੇਜ ਲੈਅ ਵਿੱਚ

2. ਤਿੱਪਲੀ — b. ਵਿਸ਼ੇਸ਼ ਪ੍ਰਕਾਰ ਦੀ ਬੋਲ ਰਚਨਾ

3. ਰੇਲਾ ਵਜਦਾ ਹੈ — c. ਗੀਤ

ਉੱਤਰ: 1-*c*, 2-*b*, 3-*a*

ਪ੍ਰਸ਼ਨ 377

1. ਸੰਗੀਤ ਵਿੱਚ ਆਉਂਦੀਆਂ ਹਨ — a. ਲੈਅ ਤੇ

2. ਸੰਗੀਤ ਵਿੱਚ ਤਾਲ ਨਿਰਭਰ ਕਰਦੀ ਹੈ — b. ਗਾਇਨ, ਵਾਦਨ, ਨਰਿਤ ਕਲਾਵਾਂ

3. ਲੈਅ ਮਾਤਰਾ ਦੀ — c. ਜਨਨੀ ਹੈ।

ਉੱਤਰ: 1-*b*, 2-*a*,3-*c*

ਪ੍ਰਸ਼ਨ 378

1. ਲੈਅ ਅਤੇ ਤਾਲ ਸੰਗੀਤਕਾਰ ਨੂੰ — a. ਅਨੰਦ ਦੇਣਾ

2. ਸੰਗੀਤ ਦਾ ਮੁੱਖ ਉਦੇਸ਼ — b. ਤਾਲ ਅਤੇ ਲੈਅ ਨਾਲ

3. ਸੰਗੀਤ ਦੀ ਸਜਾਵਟ ਨਾਲ — c. ਕਾਬੂ ਵਿੱਚ ਰੱਖਦੀ ਹੈ।

ਉੱਤਰ: 1-*c*,2-*a*,3-*b*

ਪ੍ਰਸ਼ਨ 379 ਤਬਲੇ ਅਤੇ ਪਖਾਵਜ ਦੀ ਸਮਾਨਤਾ:-

1. ਤਬਲਾ ਤੇ ਪਖਾਵਜ ਹਨ — a. ਉੱਤਰ ਭਾਰਤ ਵਿੱਚ

2. ਦੋਨੋਂ ਸਾਜ਼ ਪ੍ਰਚਲਿਤ ਹਨ — b. ਤਾਲ ਵਾਦ

3. ਦੋਨੋਂ ਸਾਜ਼ ਆਉਂਦੇ ਹਨ — c. ਅਵਨਦ ਨਾਦ ਵਿੱਚ

ਉੱਤਰ: 1-*b*,2-*a*,3-*c*

ਪ੍ਰਸ਼ਨ 380

1. ਤਬਲੇ ਨੂੰ ਵਜਾਇਆ ਜਾਂਦਾ — a. ਸਿੱਧੇ ਰੱਖ ਕੇ

2. ਪਖਾਵਜ ਨੂੰ ਵਜਾਇਆ ਜਾਂਦਾ — b. ਪਰਨ

3. ਤਬਲੇ ਦੇ ਬੋਲ — c. ਢੋਲਕੀ ਦੀ ਤਰਾਂ

ਉੱਤਰ: 1-*a*,2-*c*,3-*b*

ਪ੍ਰਸ਼ਨ 381

1. ਤਬਲੇ ਦੀਆਂ ਪ੍ਰਚਲਿਤ ਤਾਲਾਂ — a. ਤੀਵਰਾ, ਚਾਲ ਤਾਲ, ਸੂਲ ਤਾਲ

2. ਪਖਾਵਜ ਦੀਆਂ ਪ੍ਰਚਲਿਤ ਤਾਲਾਂ — b. ਪ੍ਰਚਾਰ ਵਿੱਚ ਹੈ।

3. ਤਬਲਾ ਅੱਜ ਕੱਲ ਪੂਰੇ — c. ਤਿੰਨ ਤਾਲ, ਰੂਪਕ ਤਾਲ, ਝਪਤਾਲ

ਉੱਤਰ: 1-*c*,2-*a*,3-*b*

ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇੱਕ ਤੋਂ ਦੋ ਵਾਕਾਂ, ਪੰਜ ਤੋਂ ਅੱਠ ਵਾਕਾਂ ਵਿੱਚ)

ਪ੍ਰਸ਼ਨ 382 ਉਠਾਨ ਕਿਸ ਨੂੰ ਕਹਿੰਦੇ ਹਨ? ਇਹ ਕਿਸ ਲੈਅ ਵਿੱਚ ਵਜਾਈ ਜਾਂਦੀ ਹੈ?

ਪ੍ਰਸ਼ਨ 383 ਪਰਨ ਕਿਸ ਨੂੰ ਕਹਿੰਦੇ ਹਨ ਅਤੇ ਇਹ ਕਿੰਨ੍ਹੇ ਪ੍ਰਕਾਰ ਦੀ ਹੁੰਦੀ ਹੈ?

ਪ੍ਰਸ਼ਨ 384 ਪੇਸ਼ਕਾਰੀ ਕਿਸ ਨੂੰ ਕਹਿੰਦੇ ਹਨ? ਪੂਰਾ ਵਿਸਥਾਰ ਪੂਰਵਕ ਲਿਖੋ।

ਪ੍ਰਸ਼ਨ 385 ਤਿਹਾਈ ਕੀ ਹੈ ਅਤੇ ਉਸਦੇ ਪ੍ਰਕਾਰਾਂ ਬਾਰੇ ਲਿਖੋ।

ਪ੍ਰਸ਼ਨ 386 ਰੇਲਾ ਬਾਰੇ ਦੱਸੋ।

ਪ੍ਰਸ਼ਨ 387 ਦੁੱਪਲੀ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 388 ਨਗਮੇ ਬਾਰੇ ਲਿਖੋ।

ਪ੍ਰਸ਼ਨ 389 ਤਿੱਪਲੀ ਦੀ ਪ੍ਰੀਭਾਸ਼ਾ ਲਿਖੋ।

ਪ੍ਰਸ਼ਨ 390 ਤਾਲ ਨੂੰ ਬਣਾਉਣ ਦੇ ਕਿਹੜੇ ਸਿਧਾਂਤ ਹਨ?

ਪ੍ਰਸ਼ਨ 391 ਸੰਗੀਤ ਵਿੱਚ ਤਾਲ, ਲੈਅ ਦਾ ਕੀ ਮਹੱਤਵ ਹੈ?

ਪ੍ਰਸ਼ਨ 392 ਤਬਲੇ ਦੇ ਘਰਾਣਿਆਂ ਦੀ ਸੰਖੇਪ ਜਾਣਕਾਰੀ ਦਿਉ।

ਪ੍ਰਸ਼ਨ 393 ਤਬਲਾ ਅਤੇ ਪਖਾਵਜ ਵਾਦਾਂ ਦੀ ਸ਼ੈਲੀ ਦੀ ਤੁਲਨਾ ਕਰੋ।

ਪ੍ਰਸ਼ਨ 394 ਤਾਲ ਦੇ ਦਸ ਪਰਾਣ ਬਾਰੇ ਲਿਖੋ।

ਪ੍ਰਸ਼ਨ 395 ਤਬਲਾ ਸੋਲੋ ਵਾਦਨ ਦੇ ਸਿਧਾਂਤ ਬਾਰੇ ਲਿਖੋ।

ਪ੍ਰਸ਼ਨ 396 ਉਸਤਾਦ ਲਛਮਣ ਸਿੰਘ 'ਸੀਨ' ਦੇ ਜੀਵਨ ਬਾਰੇ ਸੰਖੇਪ ਵਿੱਚ ਦੱਸੋ।

ਪ੍ਰਸ਼ਨ 397 ਸੰਗੀਤ ਵਿੱਚ ਤਬਲੇ ਦਾ ਕੀ ਸਥਾਨ ਹੈ?

ਪ੍ਰਸ਼ਨ 398 ਪੰ. ਸ਼ਾਮਤਾ ਪ੍ਰਸ਼ਾਦ ਦੇ ਜੀਵਨ ਤੇ ਚਾਨਣਾ ਪਾਉ।

ਪ੍ਰਸ਼ਨ 399 ਉਸਤਾਦ ਜ਼ਾਕਿਰ ਹੁਸੈਨ ਦੇ ਜੀਵਨ ਬਾਰੇ ਲਿਖੋ।

ਪ੍ਰਸ਼ਨ 400 ਪਖਾਵਜ ਸੋਲੋ ਵਾਦਨ ਦੇ ਸਿਧਾਂਤ ਲਿਖੋ।

ਪ੍ਰਸ਼ਨ 401 ਇੱਕ ਤਾਲ ਦੀ ਪਰੀਚੈ ਲਿਖੋ।

ਪ੍ਰਸ਼ਨ 402 ਇੱਕ ਤਾਲ ਦੀ ਇੱਕ ਗੁਣ ਲੈਅਕਾਰੀ ਲਿਖੋ।

ਪ੍ਰਸ਼ਨ 403 ਰੂਪਕ ਤਾਲ ਦਾ ਪਰੀਚੈ ਲਿਖੋ।

ਪ੍ਰਸ਼ਨ 404 ਰੂਪਕ ਤਾਲ ਦੀ ਇੱਕ ਗੁਣ ਲੈਅਕਾਰੀ ਲਿਖੋ।

ਪ੍ਰਸ਼ਨ 405 ਝੱਪ ਤਾਲ ਦਾ ਪਰੀਚੈ ਲਿਖੋ।

ਪ੍ਰਸ਼ਨ 406 ਝੱਪ ਤਾਲ ਦੀ ਇੱਕ ਗੁਣ ਲੈਅਕਾਰੀ ਲਿਖੋ।